ਸੁਰ-ਇੰਦ੍ਰਾਵਲੀ

(ਸ਼ਬਦ-ਗੀਤ-ਰਤਨਾਵਲੀ)



ਪ੍ਰਭਜੋਤ ਕੌਰ ਸਵੱਰ-ਸਮੁੰਦ

ਸੁਰ-ਇੰਦ੍ਰਾਵਲੀ

ਸੁਰ-ਇੰਦ੍ਰਾਵਲੀ

(ਸ਼ਬਦ-ਰੀਤ-ਰਤਨਾਵਲੀ)

ਸ਼ਾਸਤਰੀ ਸੰਗੀਤ 'ਤੇ ਆਧਾਰਿਤ ਗੁਰਬਾਣੀ ਕੀਰਤਨ ਦੇ ਪ੍ਰਸਾਰ ਲਈ ਅਤਿ-ਸਰਲ ਪੱਧਤੀ 'ਤੇ ਆਧਾਰਿਤ ਸ਼ਬਦ-ਰੀਤਾਂ ਦਾ ਸਰਲ ਸੰਗ੍ਰਹਿ

ਪ੍ਰਭਜੋਤ ਕੌਰ ਸਵੱਰ-ਸਮੁੰਦ

ਸਿੰਘ ਬ੍ਰਦਰਜ਼
ਅੰਮ੍ਰਿਤਸਰ

SUR-INDRAWALI
(SHABAD-REET-RATNAWALI)
by
PRABHJOT KAUR SWAR-SAMUND

ਪਹਿਲੀ ਵਾਰ ਦਸੰਬਰ 2005

ISBN 81-7205-352-5

ਮੁੱਲ : 80-00 ਰੁਪਏ

ਪ੍ਰਕਾਸ਼ਕ :

ਸਿੰਘ ਬ੍ਰਦਰਜ਼

•

ਬਜ਼ਾਰ ਮਾਈ ਸੇਵਾਂ, ਅੰਮ੍ਰਿਤਸਰ - 143 006

•

S.C.O. 223-24, ਸਿਟੀ ਸੈਂਟਰ, ਅੰਮ੍ਰਿਤਸਰ - 143 001

E-mail : singhbro@vsnl.com
Website : www.singhbrothers.com

ਛਾਪਕ :

ਪ੍ਰਿੰਟਵੈੱਲ, 146, ਇੰਡਸਟ੍ਰੀਅਲ ਫ਼ੋਕਲ ਪੁਆਇੰਟ, ਅੰਮ੍ਰਿਤਸਰ

ਸਮਰਪਣ

ਉਨ੍ਹਾਂ ਸਿਖਿਆਰਥੀਆਂ ਨੂੰ
ਜਿਨ੍ਹਾਂ ਦੀਆਂ ਰੂਹਾਂ ਗੁਰਬਾਣੀ ਕੀਰਤਨ ਰਾਹੀਂ
ਸਰਸ਼ਾਰ ਹੋ ਕੇ ਇਸ ਨੂੰ
ਆਪਣੀ ਜ਼ਿੰਦਗੀ ਦਾ ਆਦਰਸ਼
ਬਣਾ ਸਕਣ !

ਤਤਕਰਾ

ਰਾਗ

ਕੁਝ ਸੰਗੀਤਕ ਵਿਧੀ (ਥਿਊਰੀ) ਬਾਰੇ

ਸਪਤਕ — 1. ਮੰਦਰ ਸਪਤਕ, 2. ਮਧ ਸਪਤਕ, 3. ਤਾਰ ਸਪਤਕ।

ਆਰੋਹ — ਸੁਰਾਂ ਦੇ ਚੜ੍ਹਦੇ ਕ੍ਰਮ ਨੂੰ ਆਰੋਹ ਕਹਿੰਦੇ ਹਨ, ਜਿਸ ਤਰ੍ਹਾਂ ਸ ਰ ਗ ਮ ਪ ਧ ਨ ਸਂ।

ਅਵਰੋਹ — ਸੁਰਾਂ ਦੇ ਉਤਰਦੇ ਕ੍ਰਮ ਨੂੰ ਅਵਰੋਹ ਕਿਹਾ ਜਾਂਦਾ ਹੈ, ਜਿਸ ਤਰ੍ਹਾਂ ਸਂ ਨ ਧ ਪ ਮ ਗ ਰ ਸ।

ਵਾਦੀ ਸੁਰ — ਰਾਗ ਵਿਚ ਵਰਤੇ ਜਾਣ ਵਾਲੇ ਮੁੱਖ ਸੁਰ ਨੂੰ ਵਾਦੀ ਸੁਰ ਕਹਿੰਦੇ ਹਨ।

ਸੰਵਾਦੀ ਸੁਰ — ਜਿਸ ਸੁਰ ਦੀ ਵਰਤੋਂ ਵਾਦੀ ਤੋਂ ਘੱਟ ਹੋਵੇ ਤੇ ਦੂਜੇ ਸੁਰਾਂ ਤੋਂ ਜ਼ਿਆਦਾ ਹੋਵੇ, ਉਸ ਸੁਰ ਨੂੰ ਸੰਵਾਦੀ ਸੁਰ ਕਹਿੰਦੇ ਹਨ।

ਵਰਜਿਤ ਸੁਰ — ਜਿਸ ਸੁਰ ਦੀ ਰਾਗ ਵਿਚ ਵਰਤੋਂ ਨਾ ਹੋਵੇ, ਉਸ ਨੂੰ ਵਰਜਿਤ ਸੁਰ ਕਹਿੰਦੇ ਹਨ।

ਸੁਰ-ਚਿੰਨ੍ਹ — ਮੰਦਰ ਸਪਤਕ ਦੇ ਸੁਰਾਂ ਥੱਲੇ ਬਿੰਦੀ (.) ਦਾ ਚਿੰਨ੍ਹ ਹੁੰਦਾ ਹੈ, ਜਿਵੇਂ ਨ਼ ਧ਼ ਪ਼।

ਮਧ ਸਪਤਕ ਦੇ ਸੁਰਾਂ ਦਾ ਲਿਖਣ ਲਈ ਕੋਈ ਚਿੰਨ੍ਹ ਨਹੀਂ ਹੁੰਦਾ, ਜਿਵੇਂ ਸ ਰ ਗ ਮ ਪ।

ਤਾਰ ਸਪਤਕ ਦੇ ਸੁਰਾਂ ਉਪਰ ਬਿੰਦੀ ਦਾ ਚਿੰਨ੍ਹ ਹੁੰਦਾ ਹੈ, ਜਿਵੇਂ ਸਂ ਰਂ ਗਂ ਮਂ ਪਂ।

ਕੋਮਲ ਸੁਰ — ਕੋਮਲ ਸੁਰਾਂ ਦੇ ਥੱਲੇ (-) ਦਾ ਚਿੰਨ੍ਹ ਲੱਗਦਾ ਹੈ ਜਿਵੇਂ ਗ̱ ਧ̱ ਨ̱।

ਤੀਬਰ ਸੁਰ — ਤੀਬਰ ਸੁਰ ਕੇਵਲ ਮ ਹੀ ਹੁੰਦਾ ਹੈ, ਇਸ ਦੇ ਉਪਰ ਇੱਕ ਖੜੀ ਲਕੀਰ ਲੱਗਦੀ ਹੈ, ਜਿਸ ਤਰ੍ਹਾਂ ਮ̍।

ਸੁਰਾਂ ਦੀ ਮਾਤਰਾ ਵਧਾਉਣ ਲਈ ਹਰ ਮਾਤਰ ਲਈ ਚਿੰਨ੍ਹ (-) ਲੱਗਦਾ ਹੈ ਜਿਸ ਤਰ੍ਹਾਂ ਰ - ਮ - ਪ -।

ਸ਼ਬਦਾਂ ਦੀ ਮਾਤਰਾ ਵਧਾਉਣ ਲਈ ਚਿੰਨ੍ਹ (ऽ) ਲੱਗਦਾ ਹੈ, ਜਿਸ ਤਰ੍ਹਾਂ ਜਾ ऽ ਗ ऽ ਰੇ ऽ।

ਪਕੜ ਜਾਂ ਮੁੱਖ ਅੰਗ — ਪਕੜ ਜਾਂ ਮੁੱਖ ਅੰਗ ਉਹਨਾਂ ਸੁਰਾਂ ਨੂੰ ਕਹਿੰਦੇ ਹਨ ਜਿਸ ਸੁਰ ਸਮੂਹ ਤੋਂ ਰਾਗ ਦੀ ਪਹਿਚਾਣ ਹੁੰਦੀ ਹੈ, ਜਿਸ ਤਰ੍ਹਾਂ ਕਲਿਆਣ ਰਾਗ ਵਿਚ ਪ ਮ̍ ਗ ਰ ਨ਼ ਰ ਸ।

ਪੁਸਤਕ ਪ੍ਰੀਚੈ

ਅਕਾਲ ਪੁਰਖ ਦੀ ਅਪਾਰ ਕ੍ਰਿਪਾ ਦੁਆਰਾ ਸੰਯੋਗਵਸ ਬੀਬਾ ਪ੍ਰਭਜੋਤ ਕੌਰ ਸਾਡੇ ਪਰਿਵਾਰ ਦਾ ਇੱਕ ਅਟੁੱਟ ਅੰਗ ਬਣ ਗਈ। ਸਬੱਬ ਅਜਿਹਾ ਬਣਿਆ ਕਿ ਦਸੰਬਰ 2000 ਨੂੰ ਜਲੰਧਰ ਵਿਖੇ ਹਰਵੱਲਭ ਸੰਗੀਤ ਸੰਮੇਲਨ ਹੋ ਰਿਹਾ ਸੀ। ਇਹ ਸੰਗੀਤ ਸੰਮੇਲਨ ਹਰ ਸਾਲ ਦਸੰਬਰ ਦੀਆਂ ਠੰਡੀਆਂ-ਯਖ਼-ਰਾਤਾਂ ਨੂੰ ਆਯੋਜਿਤ ਕੀਤਾ ਜਾਂਦਾ ਹੈ, ਜਿਸ ਵਿੱਚ ਸ਼ਾਸਤਰੀ ਸੰਗੀਤ ਦੇ ਮੰਨੇ-ਪ੍ਰਮੰਨੇ ਸੰਗੀਤ-ਆਚਾਰਯ ਆਪਣੀ ਕਲਾ ਦਾ ਪ੍ਰਦਰਸ਼ਨ ਕਰਨ ਤੇ ਸਰੋਤਿਆਂ ਨੂੰ ਮੰਤਰ-ਮੁਗਧ ਕਰਨ ਲਈ ਆਉਂਦੇ ਹਨ। ਸਰੋਤੇ ਵੀ ਬੜੀ ਸ਼ਿੱਦਤ ਨਾਲ ਇਸ ਸਮੇਂ ਦੀ ਸਾਰਾ ਸਾਲ ਉਡੀਕ ਕਰਦੇ ਰਹਿੰਦੇ ਹਨ। ਇਸ ਤਰ੍ਹਾਂ ਵੀਹਵੀਂ ਸਦੀ ਦੇ ਅੰਤਲੇ ਵਰ੍ਹੇ ਇਸ ਸੰਗੀਤ ਸੰਮੇਲਨ ਦਾ ਅਨੰਦ ਮਾਨਣ ਲਈ ਬੇਟੀ ਪ੍ਰਭਜੋਤ ਆਪਣੇ ਅੰਕਲ ਸ. ਇੰਦਰਜੀਤ ਸਿੰਘ, ਜੋ ਪੰਜਾਬ ਐਂਡ ਸਿੰਧ ਬੈਂਕ ਵਿੱਚ ਸੀਨੀਅਰ ਮੈਨੇਜਰ ਸਨ ਤੇ ਮੇਰੇ ਪਰਮ-ਮਿੱਤਰ ਸਨ, ਉਨ੍ਹਾਂ ਨਾਲ ਜਲੰਧਰ ਆਈ। ਉਹ ਸੰਮੇਲਨ ਦਾ ਆਨੰਦ ਮਾਨਣ ਜਾਣ ਤੋਂ ਪਹਿਲਾਂ ਪੰਜਾਬ ਐਂਡ ਸਿੰਧ ਬੈਂਕ ਡਿਵੋਸ਼ਨਲ ਮਿਊਜ਼ਿਕ ਆਰਕਾਈਜ਼ ਵਿੱਚ ਉਚੇਚੇ ਤੌਰ 'ਤੇ ਮੈਨੂੰ ਮਿਲਣ ਆਏ। ਇਹ ਡਿਪਾਰਟਮੈਂਟ ਗੁਰਮਤਿ ਸੰਗੀਤ ਦੀ ਇੱਕ ਇਬਾਦਤ-ਗਾਹ ਹੈ, ਜਿਥੇ ਹਰ ਸੰਗੀਤ ਪ੍ਰੇਮੀ ਕੀਰਤਨ ਦੀ ਰਿਕਾਰਡਿੰਗ ਲੈਣ ਤੇ ਸੰਗੀਤ ਸਿੱਖਣ ਲਈ ਆਉਂਦਾ ਹੈ। ਉਥੇ ਕੀਰਤਨ ਦੀ ਸਿਖਲਾਈ ਚੱਲ ਰਹੀ ਸੀ। ਮੈਂ ਬੱਚੀ ਦਾ ਸੰਗੀਤ ਪ੍ਰਤੀ ਝੁਕਾਅ ਦੇਖਦਿਆਂ ਅਚਨਚੇਤ ਹੀ ਕਹਿ ਬੈਠਾ ਕਿ ਬੇਟਾ! ਕੁਝ ਸੁਣਾਓ, ਜੋ ਤੁਹਾਨੂੰ ਆਉਂਦਾ ਹੈ! ਮੈਨੂੰ ਯਾਦ ਹੈ ਕਿ ਇਸ ਬੱਚੀ ਨੇ "ਤੂ ਠਾਕਰੋ ਬੈਰਾਗਰੋ ਮੈ ਜੇਹੀ ਘਣ ਚੇਰੀ ਰਾਮ" ਦੇ ਸ਼ਬਦ ਦਾ ਦਾਦਰਾ ਤਾਲ ਵਿੱਚ ਗਾਇਣ ਕੀਤਾ। ਬੇਟੀ ਦਾ ਸ਼ਬਦ ਸੁਣ ਕੇ ਮੈਂ ਬਹੁਤ ਪ੍ਰਭਾਵਿਤ ਹੋਇਆ। ਰਾਗ-ਤਾਲ ਤੇ ਆਵਾਜ਼ ਦੀ ਮਿਠਾਸ ਨੇ ਜਿਵੇਂ ਮੈਨੂੰ ਮੋਹ ਜਿਹਾ ਲਿਆ। ਮੈਂ ਬੱਚੀ ਬਾਰੇ ਰਸਮੀ ਜਿਹੀ ਜਾਣ-ਪਹਿਚਾਣ ਪ੍ਰਾਪਤ ਕੀਤੀ। ਮੇਰੇ ਮੂੰਹੋਂ ਸੁਭਾਵਿਕ ਹੀ ਨਿਕਲਿਆ : "ਇਹੋ ਜਿਹਾ ਸੁਰੀਲਾਪਨ ਘੱਟ ਹੀ ਸੁਣਨ ਵਿੱਚ ਆਉਂਦਾ ਹੈ, ਜਦੋਂ ਕਿ ਇਥੇ ਇਸ ਅਕੈਡਮੀ ਵਿੱਚ ਅਨੇਕਾਂ ਹੀ ਬੱਚੇ ਸੰਗੀਤ ਸਿੱਖਣ ਲਈ ਆਉਂਦੇ ਹਨ। ਇਸ ਬੱਚੀ 'ਤੇ ਸੱਚਮੁੱਚ ਹੀ ਗੁਰੂ ਦੀ ਬਖ਼ਸ਼ਿਸ਼ ਤੇ ਰਹਿਮਤ ਹੈ।" ਉਸਦੇ ਅੰਕਲ ਵੀ ਅਚਨਚੇਤ ਬੋਲੇ : "ਅਸੀਂ ਵੀ ਚਾਹੁੰਦੇ ਹਾਂ ਕਿ ਇਹ ਬੱਚੀ ਇਹੋ ਜਿਹੇ ਘਰਾਣੇ ਵਿੱਚ ਜਾਵੇ ਜਿਥੇ ਇਸ ਦੇ ਕੀਰਤਨ ਦਾ ਸ਼ੌਕ ਬਣਿਆ ਰਹੇ।" ਦੇਵਨੇਤ ਨਾਲ ਅਜਿਹੀਆਂ ਗੱਲਾਂ ਚੱਲ ਹੀ ਰਹੀਆਂ ਸਨ ਕਿ ਮੇਰਾ ਬੇਟਾ ਜਸਕੀਰਤ ਸਿੰਘ ਜੋ ਕਿ ਉਦੋਂ ਜਲੰਧਰ ਦੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਰਿਜਨਲ ਲਾਅ ਕਾਲਜ ਦੀ ਡਿਗਰੀ ਲੈ ਚੁੱਕਾ ਸੀ, ਘਰ ਤੋਂ

ਹਰਵੱਲਭ ਸੰਗੀਤ ਸੰਮੇਲਨ ਸੁਣਨ ਲਈ ਆ ਪੁੱਜਾ। ਮੈਂ ਉਸਦੇ ਬਾਰੇ ਵਿੱਚ ਦੱਸਿਆ ਤੇ ਮੇਰੇ ਮੂੰਹੋਂ ਸੁਭਾਵਿਕ ਹੀ ਨਿਕਲਿਆ ਕਿ ਇਸ ਦਾ ਰਿਸ਼ਤਾ ਮੈਂ ਕਿਸੇ ਚੰਗੇ ਪਰਿਵਾਰ ਵਿੱਚ ਕਰ ਕੇ ਆਪਣੀਆਂ ਜ਼ਿੰਮੇਵਾਰੀਆਂ ਤੋਂ ਸੁਰਖ਼ਰੂ ਹੋਣਾ ਚਾਹੁੰਦਾ ਹਾਂ। ਇਹ ਗੱਲ ਇੱਥੇ ਹੀ ਸਮਾਪਤ ਹੋ ਗਈ। ਅਸੀਂ ਸਾਰੇ ਆਪੋ-ਆਪਣੇ ਸਮੇਂ ਤੇ ਸਹੂਲਤ ਮੁਤਾਬਕ ਸੰਮੇਲਨ ਵਿੱਚ ਪਹੁੰਚੇ। ਗੱਲ ਆਈ-ਚਲਾਈ ਹੋ ਗਈ, ਪਰ ਸ. ਇੰਦਰਜੀਤ ਸਿੰਘ ਹੋਰਾਂ ਦੇ ਮਨ ਵਿੱਚ ਇਹ ਸੁਝਾਅ ਘਰ ਕਰ ਗਿਆ। ਉਨ੍ਹਾਂ ਪ੍ਰਭਜੋਤ ਦੇ ਮਾਪਿਆਂ ਨਾਲ ਗੱਲ ਤੋਰੀ। ਉਨ੍ਹਾਂ ਸਾਡਾ ਘਰ-ਬਾਰ ਤੱਕਿਆ ਤੇ ਮਨ ਬਣਾ ਲਿਆ। ਕਿੰਨਾ ਸਮਾਂ ਬੀਤ ਗਿਆ, ਕੋਈ ਦੱਸ-ਪੁੱਛ ਨਾ ਹੋਈ, ਪਰ ਫਿਰ ਕੁਝ ਸਮੇਂ ਬਾਅਦ ਸ. ਇੰਦਰਜੀਤ ਸਿੰਘ ਹੋਰਾਂ ਦਾ ਫ਼ੋਨ ਆਇਆ। ਉਨ੍ਹਾਂ ਬਾਰ-ਬਾਰ ਇਹੀ ਕਿਹਾ ਕਿ ਇਹ ਬੱਚੀ ਤੁਹਾਡੀ ਹੋ ਗਈ ਹੈ। ਅੱਗੋਂ ਤੁਸੀਂ ਜੋ ਵੀ ਸਮਾਂ ਤਹਿ ਕਰਨਾ ਚਾਹੋ, ਕਰੋ! ਅਕਾਲ ਪੁਰਖ ਦੀ ਕ੍ਰਿਪਾ ਹੋਈ। ਬੇਟੇ ਜਸਕੀਰਤ ਸਿੰਘ ਨੇ ਵੀ ਮਨ ਬਣਾ ਲਿਆ ਤੇ ਬੱਚੀ ਮੇਰੇ ਘਰ ਅਕਾਲ ਪੁਰਖ ਵਲੋਂ ਕੀਰਤਨ ਰੂਪੀ ਦਾਤ ਵਜੋਂ ਆਈ। ਉਸ ਦਿਨ ਤੋਂ ਮੈਂ ਆਪਣੇ-ਆਪ ਨੂੰ ਅਮੀਰ ਵਿਰਸੇ ਦਾ ਮਾਲਕ ਸਮਝ ਰਿਹਾ ਹਾਂ। ਸਾਡੇ ਘਰ ਆ ਕੇ ਜਿਥੇ ਇਸ ਨੇ ਮੋਹ ਤੇ ਪਿਆਰ ਦੀਆਂ ਤੰਦਾਂ ਨਾਲ ਸਾਨੂੰ ਜਕੜ ਲਿਆ, ਉਥੇ ਅਗਲੇਰੀ ਵਿੱਦਿਆ ਪ੍ਰਾਪਤ ਕਰਨ ਵਿੱਚ ਕੋਈ ਕਸਰ ਨਹੀਂ ਛੱਡੀ। ਵਿਦਿਅਕ ਪੜ੍ਹਾਈ ਦੇ ਨਾਲ ਸੰਗੀਤ ਦੇ ਖੇਤਰ ਵਿੱਚ ਇਸਨੇ ਸ਼ਾਨਦਾਰ ਉਪਲੱਬਧੀਆਂ ਹਾਸਿਲ ਕੀਤੀਆਂ। ਇਸ ਨੇ ਆਪਣੀ ਸੰਗੀਤ ਪ੍ਰਤੀ ਸਮਰਪਣ-ਭਾਵਨਾ ਨੂੰ ਸਾਖਸ਼ਾਤ ਰੂਪ ਦੇਣ ਲਈ ਸ਼ਾਸਤਰੀ ਸੰਗੀਤ ਦੇ ਕੁਝ ਰਾਗਾਂ ਨੂੰ ਲੈ ਕੇ ਉਸ ਉਪਰ ਸ਼ਬਦ ਅੰਕਿਤ ਕਰ ਕੇ ਕੁਝ ਬੰਦਿਸ਼ਾਂ ਤਿਆਰ ਕੀਤੀਆਂ ਤੇ ਉਨ੍ਹਾਂ ਨੂੰ ਸੂਰ-ਲਿਪੀ-ਬੱਧ ਕਰਨ ਦਾ ਯਤਨ ਕੀਤਾ। ਉਸਦੀ ਲਗਨ ਤੇ ਪ੍ਰਤਿਭਾ ਸਦਕਾ ਇਹ ਪੁਸਤਕ ਹੋਂਦ ਵਿੱਚ ਆਈ ਹੈ। ਉਸ ਦਾ ਇਹ ਸੰਕਲਪ ਹੈ ਕਿ ਉਹ ਭਵਿੱਖ ਵਿੱਚ ਭਾਈ ਸਮੁੰਦ ਸਿੰਘ ਜੀ ਦੀਆਂ ਅਤੇ ਸਤਿਕਾਰਯੋਗ ਪਿਤਾ ਗਿ: ਇੰਦਰ ਸਿੰਘ ਜੀ, ਜਿਹਨਾਂ ਕੋਲ ਤਰਨਤਾਰਨ ਟਕਸਾਲ ਦੀਆਂ ਅਨੇਕਾਂ ਘਰਾਣੇਦਾਰ ਬੰਦਿਸ਼ਾਂ ਸਨ, ਨੂੰ ਸੂਰ-ਲਿਪੀ-ਬੱਧ ਕਰ, ਸੰਗੀਤ ਤੇ ਕੀਰਤਨ ਪ੍ਰੇਮੀਆਂ ਦੀ ਭੇਟਾ ਕਰੇਗੀ। ਮੇਰੀ ਇਹ ਅਕਾਲ ਪੁਰਖ ਅੱਗੇ ਅਰਜ਼ੋਈ ਹੈ ਕਿ ਕੀਰਤਨ ਪ੍ਰੇਮੀ ਤੇ ਸਿੱਖ ਸੰਗਤਾਂ ਇਸ ਬੱਚੀ ਨੂੰ ਦਿਲੋਂ ਅਸੀਸ ਦੇਣ ਤੇ ਇਹ ਇਸੇ ਲਗਨ ਤੇ ਉਤਸ਼ਾਹ ਨਾਲ ਗੁਰਮਤਿ ਸੰਗੀਤ ਦੇ ਖੇਤਰ ਵਿੱਚ ਸੇਵਾ ਕਰਦੀ ਰਹੇ।

ਪਰਮਜੋਤ ਸਿੰਘ
ਡਾਇਰੈਕਟਰ,
ਭਾਈ ਸਮੁੰਦ ਸਿੰਘ ਗੁਰਮਤਿ ਸੰਗੀਤ ਅਕੈਡਮੀ, ਲੁਧਿਆਣਾ; ਅਤੇ
ਪੰਜਾਬ ਐਂਡ ਸਿੰਧ ਬੈਂਕ ਕੀਰਤਨ ਆਰਕਾਈਜ਼, ਜਲੰਧਰ
ਫ਼ੋਨ: (ਲੁਧਿਆਣਾ) 0161-2878783, 2450352, 2878037
(ਜਲੰਧਰ) 0181-2482350

ਲੇਖਕ ਦੀ ਕਲਮ ਤੋਂ

ਸੰਗੀਤ ਇੱਕ ਸਾਧਨਾ, ਤਪੱਸਿਆ ਤੇ ਬੰਦਗੀ ਹੈ, ਜੋ ਸੱਚੇ ਮਾਲਕ, ਪਰਿਪੂਰਨ ਪਰਮਾਤਮਾ ਦੀ ਦਰਗਾਹ ਤਕ ਅਤਿ ਸਹਿਜ ਨਾਲ ਲੈ ਜਾਣ ਦੀ ਸ਼ਕਤੀ ਰੱਖਦੀ ਹੈ। ਇਹ ਇੱਕ ਰੱਬੀ ਪੈਗ਼ਾਮ ਹੈ ਤੇ ਇਸ ਵਿੱਚ ਇੱਕ ਅਜਿਹੀ ਗ਼ੈਬੀ ਸ਼ਕਤੀ ਹੈ ਜੋ ਪਰਮਾਤਮਾ ਨਾਲ ਇਕਮਿਕ ਹੋਣ ਦਾ ਰਾਹ ਖੋਲ੍ਹਦੀ ਹੈ।

ਸੰਗੀਤ ਦੀਆਂ ਬਾਰੀਕੀਆਂ ਤੇ ਸੂਹਜ ਕਲਾਵਾਂ ਜਦੋਂ ਮਨ ਦੀਆਂ ਗਹਿਰਾਈਆਂ ਵਿੱਚ ਉਤਰਦੀਆਂ ਹਨ ਤਾਂ ਜੀਵ ਆਨੰਦਿਤ ਹੋ ਜਾਂਦਾ ਹੈ ਤੇ ਬਾਹਰੀ ਰਸ-ਕਸ ਉਸਨੂੰ ਪ੍ਰਭਾਵਿਤ ਨਹੀਂ ਕਰ ਸਕਦੇ।

ਸੰਗੀਤ ਦਾ ਆਰੰਭ ਭਾਵੇਂ ਆਤਮਿਕ ਖ਼ੁਰਾਕ ਲੈਣ ਲਈ ਹੋਇਆ ਸੀ, ਪਰ ਸਮੇਂ ਦੇ ਬਦਲਣ ਨਾਲ ਮਨੁੱਖ ਨੇ ਇਸ ਨੂੰ ਕਈ ਪੱਖਾਂ ਤੋਂ ਅਪਣਾ ਲਿਆ। ਗਾਇਣ-ਪੱਧਤੀਆਂ ਵਿੱਚੋਂ ਹਿੰਦੁਸਤਾਨੀ ਕਲਾਸੀਕਲ ਸੰਗੀਤ ਸਭ ਤੋਂ ਬਿਖਮ ਤੇ ਬਾਰੀਕ ਹੈ, ਪਰ ਸੰਗੀਤ ਦਾ ਆਨੰਦ ਮਾਨਣ ਲਈ ਹਰ ਮਨੁੱਖ ਨੇ ਇਸ ਨੂੰ ਆਪਣੀ ਪਕੜ ਤੇ ਸਮਝ ਦੇ ਅਨੁਸਾਰ ਅਪਣਾ ਲਿਆ।

ਲਗਭਗ ਸਵਾ ਪੰਜ ਸੌ ਸਾਲ ਤੋਂ ਵੱਧ ਸਮਾਂ ਪਹਿਲਾਂ ਗੁਰੂ ਨਾਨਕ ਦੇਵ ਜੀ ਦੀ ਆਮਦ ਨਾਲ ਗੁਰਮਤਿ ਸੰਗੀਤ ਪ੍ਰਗਟ ਹੋਇਆ, ਜਿਸ ਰਾਹੀਂ ਲੁਕਾਈ ਨੂੰ ਹੱਕ-ਸੱਚ 'ਤੇ ਤੁਰਨ ਦਾ ਆਸਾਨ ਰਸਤਾ ਲੱਭ ਪਿਆ। ਇਥੋਂ ਤਕ ਕਿ ਮਨੁੱਖੀ ਪਗਡੰਡੀ ਤੋਂ ਭੁੱਲੇ ਭਟਕੇ ਲੋਕ ਵੀ ਸਹੀ ਮਾਰਗ ਵੱਲ ਤੁਰ ਪਏ। ਇਸੇ ਤਜਰਬੇ ਨੂੰ ਮੁੱਖ ਰੱਖ ਕੇ ਬਾਬਾ ਨਾਨਕ ਨੇ ਸਾਰੀ ਅਕਾਲ ਬਾਣੀ ਰਾਗਾਂ ਵਿੱਚ ਉਚਾਰੀ ਤੇ ਉਹੀ ਜੋਤ ਧਾਰਨ ਕਰ ਕੇ ਪ੍ਰਗਟ ਹੋਏ ਬਾਕੀ ਗੁਰੂ ਸਾਹਿਬਾਨਾਂ ਨੇ ਵੀ ਬਾਣੀ ਰਾਗਾਂ ਵਿੱਚ ਰਚ ਕੇ, ਕੀਰਤਨ-ਪਰਿਪਾਟੀ ਸਥਾਪਿਤ ਕਰ ਕੇ ਕਲਜੁਗੀ ਜੀਵਾਂ ਦਾ ਉੱਧਾਰ ਕੀਤਾ।

ਅਕਾਲ ਪੁਰਖ ਦਾ ਕੋਟਾਨਿ-ਕੋਟਿ ਸ਼ੁਕਰ ਹੈ ਕਿ ਉਸ ਨੇ ਮੈਨੂੰ ਗੁਰਸਿੱਖ ਪਰਿਵਾਰ ਵਿੱਚ ਭੇਜਿਆ, ਗੁਰੂ ਗ੍ਰੰਥ ਸਾਹਿਬ ਜੀ ਦੇ ਲੜ ਲਾਇਆ ਤੇ ਸ਼ਾਸਤਰੀ ਸੰਗੀਤ ਦੀ ਵਿੱਦਿਆ ਦੇ ਅਨਮੋਲ ਹੀਰੇ ਜਵਾਹਰਾਤ ਵਰਗੇ ਸੁਰਾਂ ਨਾਲ ਭਰਪੂਰ ਕੀਤਾ। ਕੀਰਤਨ ਮੈਨੂੰ ਵਿਰਸੇ ਵਿੱਚੋਂ ਮਿਲਿਆ। ਸਾਡੇ ਘਰ ਵਿੱਚ ਮੇਰੇ ਨਾਨੀ ਜੀ ਸ੍ਰੀਮਤੀ ਭਾਗ ਕੌਰ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿੱਚ ਬੜਾ ਰਸ-ਭਿੰਨੜਾ ਕੀਰਤਨ ਕਰਦੇ। ਉਨ੍ਹਾਂ ਨੇ ਇਹ ਦਾਤ ਮੇਰੀ ਜਨਣੀ (ਮਾਂ) ਦੀ ਝੋਲੀ ਪਾਈ ਤੇ ਅੱਗੋਂ ਉਨ੍ਹਾਂ ਨੇ ਇਹ ਦਾਤ ਮੈਨੂੰ ਦਿੱਤੀ। ਅੱਜ ਵੀ ਸਾਡੇ ਘਰ ਨਿਰੰਤਰ 35 ਸਾਲਾਂ ਤੋਂ ਹਰ ਬੁੱਧਵਾਰ ਸੁਖਮਨੀ ਸਾਹਿਬ ਦੇ ਪਾਠ ਤੇ ਕੀਰਤਨ ਦੀ ਲੜੀ ਚੱਲਦੀ ਹੈ। ਆਪਣੇ ਨਾਨੀ ਜੀ ਤੇ ਮਾਤਾ ਜੀ ਦੇ ਪਿਆਰ ਤੇ ਅਪਣੱਤ ਸਦਕਾ ਮੈਂ ਦਰਬਾਰ ਸਾਹਿਬ

ਅੰਮ੍ਰਿਤਸਰ, ਸ੍ਰੀ ਗੁਰੂ ਰਾਮਦਾਸ ਜੀ ਦੇ ਦਰਬਾਰ ਸਾਹਮਣੇ ਬੈਠ ਰਾਗੀਆਂ ਦਾ ਕੀਰਤਨ ਸੁਣਦੀ ਤੇ ਘਰ ਆ ਕੇ ਉਨ੍ਹਾਂ ਹੀ ਸ਼ਬਦਾਂ 'ਤੇ ਸੁਰ ਲਗਾ ਕੇ ਅਭਿਆਸ ਕਰਦੀ। ਫਿਰ ਉਨ੍ਹਾਂ ਮੈਨੂੰ ਗੁਰੂ ਸਾਹਿਬਾਂ ਦੇ ਪਿਆਰ ਵਿੱਚ ਭਿੱਜੇ ਗੁਰਮੁਖ ਪਿਆਰੇ ਗਿਆਨੀ ਜੋਗਿੰਦਰ ਸਿੰਘ ਜੀ ਤਲਵਾੜੇ ਵਾਲਿਆਂ ਦੇ ਚਰਨੀਂ ਲਾਇਆ। ਗਿਆਨੀ ਜੀ ਨੇ ਮੇਰੇ 'ਤੇ ਬਖ਼ਸ਼ਿਸ਼ ਕੀਤੀ। ਬੜੀਆਂ ਰਸੀਲੀਆਂ ਬੰਦਿਸ਼ਾਂ ਮੇਰੀ ਝੋਲੀ ਪਾਈਆਂ। ਆਪਣੀ ਉਚੇਰੀ ਵਿੱਦਿਆ ਦੇ ਦੌਰਾਨ ਮੈਂ ਆਪਣੀ ਮੰਮੀ ਜੀ ਦੀ ਪ੍ਰੇਰਨਾ ਸਦਕਾ ਸੰਗੀਤ ਨੂੰ ਇੱਕ ਵਿਸ਼ੇ ਦੇ ਤੌਰ 'ਤੇ ਲਿਆ ਤੇ ਇਸ ਵਿੱਚ ਮਾਸਟਰ ਡਿਗਰੀ ਹਾਸਿਲ ਕੀਤੀ। ਮੈਨੂੰ ਮੇਰੇ ਉਸਤਾਦ ਰਵੀ ਸ਼ੰਕਰ ਜੀ ਦੀ ਗਾਇਕੀ ਨੇ ਵੀ ਬਹੁਤ ਪ੍ਰਭਾਵਿਤ ਕੀਤਾ।

ਸ਼ਾਦੀ ਤੋਂ ਬਾਅਦ ਮੇਰਾ ਸੰਬੰਧ ਉਸ ਘਰਾਣੇ ਨਾਲ ਜੁੜਿਆ ਜਿਹੜਾ ਗੁਰਮਤਿ ਸੰਗੀਤ ਪ੍ਰਤੀ ਸਮਰਪਿਤ ਸੀ। ਇਥੇ ਆ ਕੇ ਮੈਨੂੰ ਇਹੋ ਜਿਹਾ ਰਸੀਲਾ ਤੇ ਅਨੁਭਵੀ ਮਾਹੌਲ ਮਿਲਿਆ ਕਿ ਮੈਂ ਗੁਰਮਤਿ ਸੰਗੀਤ ਨੂੰ ਆਪਣੇ ਜੀਵਨ ਦਾ ਮਨੋਰਥ ਹੀ ਮੰਨ ਲਿਆ। ਇਥੇ ਮੈਨੂੰ ਸੰਗਤ ਮਿਲੀ ਆਪਣੇ ਪਾਪਾ ਪ੍ਰੋ: ਪਰਮਜੋਤ ਸਿੰਘ ਜੀ ਦੀ, ਜਿਨ੍ਹਾਂ ਦੀ ਮਿਕਨਾਤੀਸੀ ਸ਼ਖ਼ਸੀਅਤ ਨੇ ਮੈਨੂੰ ਇੰਨਾ ਉਤਸ਼ਾਹਿਤ ਕੀਤਾ ਕਿ ਮੈਂ ਸੰਗੀਤ-ਪ੍ਰੇਮੀਆਂ ਲਈ ਇਹ ਪੁਸਤਕ ਕਲਮਬੱਧ ਕਰਨ ਦੇ ਕਾਬਿਲ ਹੋ ਸਕੀ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਅੰਕਿਤ 31 ਰਾਗਾਂ ਦੀਆਂ ਬੰਦਿਸ਼ਾਂ ਦਾ ਸਮੂਹ ਪੁਸਤਕ ਦੇ ਰੂਪ ਵਿੱਚ ਕੀਰਤਨ-ਪ੍ਰੇਮੀਆਂ ਦੀ ਭੇਟਾ ਕੀਤਾ ਜਾ ਚੁੱਕਾ ਹੈ, ਹੁਣ ਹੱਥਲੀ ਪੁਸਤਕ ਰਾਹੀਂ ਉਹ ਰਾਗ ਜਿਹੜੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਨਹੀਂ ਲਏ ਗਏ, ਉਨ੍ਹਾਂ ਰਾਗਾਂ 'ਤੇ ਸੁਰੀਲੀਆਂ ਤੇ ਪਿਆਰੀਆਂ ਬੰਦਿਸ਼ਾਂ 'ਤੇ ਕੁਝ ਸ਼ਬਦ ਲਗਾ ਕੇ ਅਜਿਹੀਆਂ ਰੀਤਾਂ ਤਿਆਰ ਕੀਤੀਆਂ ਗਈਆਂ ਹਨ ਜਿਹੜੀਆਂ ਸਿੱਖ ਸੰਗਤਾਂ ਨੂੰ ਪ੍ਰਭਾਵਿਤ ਕਰ ਸਕਣ ਤੇ ਉਹ ਰਾਗ, ਤਾਲ ਤੇ ਸ਼ਬਦ ਵਿੱਚ ਗੜੂੰਦ ਹੋ ਕੇ ਗੁਰੂ ਨਾਲ ਜੁੜ ਸਕਣ। ਆਸ ਹੈ ਕੀਰਤਨ ਪ੍ਰੇਮੀ ਤੇ ਸੰਗਤਾਂ ਮੇਰੇ ਇਸ ਨਿਮਾਣੇ ਜਿਹੇ ਯਤਨ ਨੂੰ ਪ੍ਰਵਾਨ ਕਰਨਗੀਆਂ। ਮੇਰੇ ਇਸ ਕਾਰਜ ਲਈ ਮੇਰੇ 'ਤੇ ਅਸੀਸ ਤੇ ਬਖ਼ਸ਼ੀਸ਼ ਪ੍ਰੋ. ਪਰਮਜੋਤ ਸਿੰਘ ਦੀ ਰਹੀ ਹੈ। ਜੇ ਇਹ ਇਸੇ ਤਰ੍ਹਾਂ ਬਣੀ ਰਹੀ ਤਾਂ ਮੈਂ ਹੋਰ ਵੀ ਪੁਲਾਂਘਾਂ ਪੁੱਟਣ ਲਈ ਵਚਨਬੱਧ ਰਹਾਂਗੀ। ਮੇਰੀ ਪਰਮਾਤਮਾ ਅੱਗੇ ਇਹੀ ਅਰਜ਼ੋਈ ਹੈ ਕਿ ਉਹ ਮੇਰੀ ਅੰਤਰਦ੍ਰਿਸ਼ਟੀ ਇਸੇ ਤਰ੍ਹਾਂ ਬਣਾਈ ਰੱਖੇ ਤੇ ਅਜਿਹੀ ਸੇਵਾ ਲੈਣ ਲਈ ਰਹਿਮਤਾਂ ਵਰਸਾਉਂਦਾ ਰਹੇ।

ਪ੍ਰਭਜੋਤ ਕੌਰ (ਪ੍ਰੋ.)
ਜੀ.ਐਚ.ਜੀ. ਹਰਿਪ੍ਰਕਾਸ਼ ਕਾਲਜ ਆਫ਼ ਐਜੂਕੇਸ਼ਨ,
ਸਿੱਧਵਾਂ ਖੁਰਦ (ਲੁਧਿਆਣਾ)

ਸੰਗੀਤ ਦਾ ਸਰੂਪ ਤੇ ਸਥਾਨ

ਸੰਗੀਤ ਸ਼ਬਦ 'ਸੰ' ਤੇ 'ਗੀਤ' ਸ਼ਬਦਾਂ ਦੇ ਸੁਮੇਲ ਤੋਂ ਬਣਿਆ ਹੈ। 'ਸੰ' ਦਾ ਅਰਥ ਹੈ ਉੱਤਮ ਅਤੇ 'ਗੀਤ' ਤੋਂ ਭਾਵ ਹੈ ਗਾਇਣ। ਸੋ ਉੱਤਮ ਗਾਇਣ ਨੂੰ ਸੰਗੀਤ ਕਿਹਾ ਜਾਂਦਾ ਹੈ। ਬੋਲ-ਚਾਲ ਦੀ ਭਾਸ਼ਾ ਵਿੱਚ ਸੰਗੀਤ ਨੂੰ ਕੇਵਲ ਗਾਇਣ ਹੀ ਸਮਝਿਆ ਜਾਂਦਾ ਹੈ, ਪ੍ਰੰਤੂ ਸੰਗੀਤ ਦੇ ਖੇਤਰ ਵਿੱਚ ਗਾਇਣ, ਵਾਦਨ ਤੇ ਨ੍ਰਿਤ, ਤਿੰਨਾਂ ਦਾ ਸਮੂਹ ਸੰਗੀਤ ਅਖਵਾਉਂਦਾ ਹੈ। ਇਨ੍ਹਾਂ ਤਿੰਨਾਂ ਦਾ ਆਪਸ ਵਿੱਚ ਡੂੰਘਾ ਸੰਬੰਧ ਹੈ। ਇਹ ਇੱਕ ਦੂਸਰੇ ਦੇ ਪੂਰਕ ਹਨ। ਇਨ੍ਹਾਂ ਤਿੰਨਾਂ ਨੂੰ ਪ੍ਰਸਤੁਤ ਕਰਨ ਲਈ ਇੱਕ ਦੂਸਰੇ ਦੇ ਸਹਿਯੋਗ ਦੀ ਜ਼ਰੂਰਤ ਹੁੰਦੀ ਹੈ, ਪਰ ਗਾਇਣ ਨੂੰ ਇਨ੍ਹਾਂ ਤਿੰਨਾਂ ਵਿੱਚੋਂ ਉੱਤਮ ਮੰਨਿਆ ਗਿਆ ਹੈ।

ਸੰਗੀਤ ਉਹ ਲਲਿਤ ਕਲਾ ਹੈ ਜਿਸ ਵਿੱਚ ਸੁਰ ਅਤੇ ਲੈਅ ਦੁਆਰਾ ਅਸੀਂ ਆਪਣੇ ਭਾਵਾਂ ਨੂੰ ਪ੍ਰਗਟ ਕਰਦੇ ਹਾਂ। ਹਰ ਸੂਖਮ ਕਲਾ ਜਿਸ ਤਰ੍ਹਾਂ ਕਿ ਸੰਗੀਤ, ਮੂਰਤੀ ਕਲਾ, ਚਿੱਤਰ ਕਲਾ ਰਾਹੀਂ ਮਨੁੱਖ ਆਪਣੀਆਂ ਅੰਦਰੂਨੀ ਭਾਵਨਾਵਾਂ ਨੂੰ ਪ੍ਰਗਟ ਕਰਦਾ ਹੈ, ਦਾ ਮਾਧਿਅਮ ਅਲੱਗ-ਅਲੱਗ ਹੈ। ਜਿਵੇਂ ਕਿ ਰੰਗ, ਪੈਨਸਲ, ਕਾਗ਼ਜ਼ ਦੁਆਰਾ ਚਿੱਤਰ ਕਲਾ ਪ੍ਰਗਟ ਹੁੰਦੀ ਹੈ, ਉਸੇ ਤਰ੍ਹਾਂ ਸੁਰ, ਲੈਅ ਦੁਆਰਾ ਜਦੋਂ ਭਾਵਾਂ ਨੂੰ ਪ੍ਰਗਟ ਕੀਤਾ ਜਾਂਦਾ ਹੈ ਤਾਂ ਸੰਗੀਤ ਉਪਜਦਾ ਹੈ। ਕਲਾ ਦਾ ਮਾਧਿਅਮ ਬਦਲਦੇ ਸਾਰ ਹੀ ਕਲਾ ਦਾ ਨਾਮ ਵੀ ਬਦਲ ਜਾਂਦਾ ਹੈ।

ਸੰਗੀਤ ਦਾ ਮੁੱਖ ਆਧਾਰ ਨਾਦ ਜਾਂ ਆਵਾਜ਼ ਹੈ। ਇਸ ਵਿੱਚ ਸੁਰਾਂ ਦਾ ਅਜਿਹਾ ਸੁਮਿਸ਼ਰਣ ਹੁੰਦਾ ਹੈ ਜੋ ਕਲਾਕਾਰ ਦੇ ਹਿਰਦੇ ਦੀਆਂ ਭਾਵਨਾਵਾਂ ਨੂੰ ਮਧੁਰ ਬਣਾ ਕੇ ਦੂਸਰਿਆਂ ਸਾਹਮਣੇ ਪੇਸ਼ ਕਰਦਾ ਹੈ। ਇਸੇ ਕਰਕੇ ਇਸ ਨੂੰ ਹਿਰਦੇ ਦੀ ਭਾਸ਼ਾ ਮੰਨਿਆ ਗਿਆ ਹੈ। ਮਨੁੱਖ ਲਈ ਤਾਂ ਇਹ ਅੰਮ੍ਰਿਤ ਰਸ, ਆਤਮਾ ਨੂੰ ਪਰਮਾਤਮਾ ਤਕ ਪਹੁੰਚਾਉਣ ਦੀ ਪੌੜੀ ਹੈ।

ਸੰਗੀਤ ਇੱਕ ਸਾਧਨਾ ਹੈ, ਤਪੱਸਿਆ ਹੈ, ਬੰਦਗੀ ਹੈ। ਸਾਧਨਾ ਦੇ ਸਾਗਰ ਵਿੱਚੋਂ ਨਿਕਲਿਆ ਸੰਗੀਤ ਜਦੋਂ ਸੁਣਨ ਵਾਲੇ ਸ੍ਰੋਤਿਆਂ ਵਿੱਚ ਆਪਣੀ ਕਲਾ ਦਾ ਜਾਦੂ ਵਰਤਾ ਦਿੰਦਾ ਹੈ ਤਾਂ ਇਸ ਤਰ੍ਹਾਂ ਅਹਿਸਾਸ ਹੁੰਦਾ ਹੈ ਕਿ ਜਿਵੇਂ ਹਵਾ ਤੇ ਸਮਾਂ ਰੁੱਕ ਗਏ ਹੋਣ। ਸੋ ਪੂਰੇ ਸੰਸਾਰ ਵਿੱਚ ਕੋਈ ਵੀ ਅਜਿਹੀ ਸ਼ਕਤੀ ਨਹੀਂ ਜੋ ਹਵਾ ਤੇ ਸਮੇਂ ਨੂੰ ਬੰਨ੍ਹ ਸਕੇ। ਇਥੇ ਸਾਧਨਾ ਤੋਂ ਭਾਵ ਹੈ ਰਿਆਜ਼, ਅਭਿਆਸ, ਮਿਹਨਤ ਤੇ ਉੱਦਮ, ਜਿਸ ਦੀ ਸੰਗੀਤਕ ਬੰਦਿਸ਼ਾਂ ਲਈ ਨਿਰੰਤਰ ਲੋੜ ਪੈਂਦੀ ਹੈ।

ਸੰਗੀਤ ਕਲਾ ਉੱਚ ਕੋਟੀ ਦੀ ਉੱਤਮ ਕਲਾ ਹੈ। ਪ੍ਰਾਚੀਨ ਇਤਿਹਾਸ ਤੋਂ ਪਤਾ ਲੱਗਦਾ ਹੈ ਕਿ ਸੰਗੀਤ ਕਲਾ ਦਾ ਪ੍ਰਯੋਗ ਤੇ ਪ੍ਰਚਾਰ ਹਮੇਸ਼ਾ ਮਹਿਲਾਂ ਤੋਂ ਲੈ ਕੇ ਸਾਧਾਰਨ

ਲੋਕਾਂ ਦੀਆਂ ਝੁੱਗੀਆਂ ਤਕ ਰਿਹਾ ਹੈ। ਇਸ ਵਿੱਚ ਉਚ-ਨੀਚ, ਵੱਡੇ-ਛੋਟੇ ਦਾ ਕੋਈ ਭੇਦ-ਭਾਵ ਨਹੀਂ ਹੁੰਦਾ, ਕਿਉਂਕਿ ਸੰਗੀਤ ਵਿੱਚ ਮਨੁੱਖੀ ਮਨ ਨੂੰ ਆਕਰਸ਼ਿਤ ਕਰਨ ਦੀ ਅਦਭੁੱਤ ਸ਼ਕਤੀ ਹੁੰਦੀ ਹੈ। ਇਸ ਕਰਕੇ ਇਸ ਦੁਆਰਾ ਮਾਨਸਿਕ ਅਤੇ ਸਰੀਰਕ ਦੋਵੇਂ ਪ੍ਰਕਾਰ ਦੇ ਸੁੱਖ ਮਿਲਦੇ ਹਨ। ਇਸ ਵਿੱਚੋਂ ਉਪਜੀ ਲੈਅ, ਸੁਰ ਤੇ ਤਾਲ ਪ੍ਰਭੂ-ਰੰਗ-ਰੱਤਿਆਂ ਨੂੰ ਪ੍ਰਭੂ ਨਾਲ ਜੋੜ ਦਿੰਦੀ ਹੈ। ਇਹ ਪ੍ਰਭੂ ਦੀ ਦੇਣ ਹੈ ਕਿ ਜੀਵ ਨੂੰ ਸੰਗੀਤ, ਕਾਦਰ ਦੀ ਕੁਦਰਤ ਵਿੱਚੋਂ ਪ੍ਰਤੱਖ ਸੁਣਦਾ ਹੈ। ਇਹ ਬੱਚੇ ਦੇ ਜਨਮ ਤੋਂ ਮਰਨ ਤਕ ਮਨੁੱਖੀ ਜੀਵਨ ਨਾਲ ਜੁੜਿਆ ਹੋਇਆ ਹੈ। ਇਹ ਇੱਕ ਰੂਹਾਨੀ ਹੁਨਰ ਹੈ ਜੋ ਸਦਾ ਹੀ ਧਾਰਮਿਕ ਭਾਵਨਾਵਾਂ ਕਾਰਨ ਅੰਤਰਿਕ ਜੀਵਨ ਨਾਲ ਸੰਬੰਧਿਤ ਰਿਹਾ ਹੈ।

ਸੰਗੀਤ ਦੀ ਸਰਬ-ਵਿਆਪਕਤਾ ਤੇ ਸੁਭਾਵਿਕਤਾ ਇਸ ਗੱਲ ਤੋਂ ਵੀ ਸਪੱਸ਼ਟ ਹੁੰਦੀ ਹੈ ਕਿ ਮਨੁੱਖ ਜਾਤੀ ਨੇ ਇਸ ਨੂੰ ਹਰ ਦੇਸ਼ ਤੇ ਕਾਲ ਵਿੱਚ ਆਪੋ-ਆਪਣੇ ਢੰਗ ਅਨੁਸਾਰ ਅਪਣਾਇਆ ਹੈ। ਭਾਵੇਂ ਇਸਲਾਮ ਧਰਮ ਰਾਗ ਦਾ ਵਿਰੋਧ ਕਰਦਾ ਰਿਹਾ ਹੈ, ਪਰ ਮੁਸਲਿਮ ਸੂਫ਼ੀਆਂ ਨੇ ਇਸ ਨੂੰ ਰੱਜ ਕੇ ਅਪਣਾਇਆ। ਸੂਫ਼ੀ ਸੰਤ ਫ਼ਕੀਰ ਕਹਿੰਦੇ ਸਨ ਕਿ ਰਾਗ ਅੱਲ੍ਹਾ ਦੀ ਆਵਾਜ਼ ਹੈ। ਇਹ ਉਸਦੀ ਸਮਾਧੀ ਵਿੱਚ ਗੜੂੰਦ ਹੋਣਾ ਹੈ।

ਪੱਛਮੀ ਵਿਦਵਾਨਾਂ ਨੇ ਰਾਗ-ਸੰਬੰਧੀ ਦ੍ਰਿਸ਼ਟੀਕੋਣ ਆਪੋ-ਆਪਣੇ ਢੰਗ ਨਾਲ ਪ੍ਰਗਟਾਏ ਹਨ। ਕਾਰਲਾਇਲ ਨੇ ਰਾਗ ਨੂੰ ਫ਼ਰਿਸ਼ਤਿਆਂ ਦੀ ਬੋਲੀ ਕਹਿ ਕੇ ਸਤਿਕਾਰਿਆ ਹੈ। ਮਹਾਨ ਚਿੰਤਕ ਪਲੈਟੋ ਦੱਸਦੇ ਹਨ ਕਿ ਸੁਰ ਤੇ ਲੈਅ ਹੀ ਆਤਮਾ ਦੇ ਮਰਮ ਅਸਥਾਨਾਂ ਤਕ ਪਹੁੰਚ ਸਕਦੇ ਹਨ। ਮਾਰਟਿਨ ਲੂਥਰ ਸੰਗੀਤ ਨੂੰ ਰੱਬ ਦੀ ਇੱਕ ਅਤਿ ਸੁੰਦਰ ਤੇ ਪ੍ਰਭਾਵਸ਼ਾਲੀ ਦੇਣ ਮੰਨਦਾ ਹੈ, ਕਿਉਂਕਿ ਰਾਗ ਦਿਲ ਤੋਂ ਗ਼ਮਾਂ ਦਾ ਭਾਰ ਬਾਹਰ ਸੁੱਟਣ ਤੇ ਮਨੁੱਖ ਦੇ ਮੰਦੇ ਵਿਚਾਰਾਂ ਦੀ ਖਿੱਚ ਤੇ ਮਾਰ ਤੋਂ ਬਚਾ ਸਕਣ ਦੀ ਸਮਰੱਥਾ ਰੱਖਦਾ ਹੈ। ਕਵੀ ਕੀਟਸ ਤਾਂ ਇੱਥੋਂ ਤਕ ਕਹਿੰਦਾ ਹੈ ਕਿ ਮੈਨੂੰ ਸੰਗੀਤਕ ਮੌਤ ਬਖ਼ਸ਼ੋ! ਇਹ ਮੇਰੇ ਲਈ ਸਦੀਵੀ ਖ਼ੁਸ਼ੀ ਹੈ ਤੇ ਮੈਂ ਹੋਰ ਖ਼ੁਸ਼ੀ ਦੀ ਕਾਮਨਾ ਨਹੀਂ ਕਰਦਾ।

ਸੰਗੀਤ ਕਲਾ ਜਿਥੇ ਬਹੁਤ ਪ੍ਰਾਚੀਨ, ਨਿਪੁੰਨ ਅਤੇ ਧਾਰਮਿਕ ਭਾਵਾਂ ਨਾਲ ਗੁੱਧੀ ਮੰਨੀ ਗਈ ਹੈ, ਉਥੇ ਇਸ ਦੀ ਉਤਪਤੀ ਸੰਬੰਧੀ ਵੀ ਲੋਕਾਂ ਦੇ ਭਿੰਨ-ਭਿੰਨ ਵਿਚਾਰ ਹਨ।

ਸੰਗੀਤ ਦੀ ਉਤਪਤੀ ਸਭ ਤੋਂ ਪਹਿਲਾਂ ਵੇਦਾਂ ਦੇ ਨਿਰਮਾਤਾ ਬ੍ਰਹਮਾ ਜੀ ਤੋਂ ਮੰਨੀ ਗਈ ਹੈ। ਬ੍ਰਹਮਾ ਜੀ ਨੇ ਇਹ ਕਲਾ ਸ਼ਿਵ ਜੀ ਨੂੰ ਦਿੱਤੀ ਅਤੇ ਸ਼ਿਵ ਜੀ ਨੇ ਸਰਸਵਤੀ ਦੇਵੀ ਨੂੰ। ਇਸੇ ਕਾਰਨ ਸਰਸਵਤੀ ਦੇਵੀ ਨੂੰ 'ਵੀਣਾ-ਪੁਸਤਕ-ਧਾਰਨੀ' ਆਖ ਕੇ ਸੰਗੀਤ ਤੇ ਸਾਹਿਤ ਦੀ ਦਾਤੀ ਮੰਨਿਆ ਗਿਆ ਹੈ। ਸਰਸਵਤੀ ਦੇਵੀ ਤੋਂ ਸੰਗੀਤ ਕਲਾ ਦਾ ਗਿਆਨ ਨਾਰਦ ਜੀ ਨੂੰ ਪ੍ਰਾਪਤ ਹੋਇਆ, ਜਿਨ੍ਹਾਂ ਨੇ ਇਹ ਗਿਆਨ ਸਵਰਗ ਦੇ ਗੰਧਰਵਾਂ, ਕਿੰਨਰਾਂ ਤੇ ਅਪੱਛਰਾਵਾਂ ਨੂੰ ਸਿਖਾਇਆ, ਜਿਥੋਂ ਭਰਤ ਅਤੇ ਹਨੂਮਾਨ ਰਿਸ਼ੀਆਂ ਨੇ ਇਸ ਨੂੰ ਪ੍ਰਾਪਤ ਕਰ ਕੇ ਪ੍ਰਿਥਵੀ ਦੇ ਲੋਕਾਂ ਵਿੱਚ ਪ੍ਰਚਾਰਿਆ।

ਇਕ ਫ਼ਾਰਸੀ ਦੇ ਵਿਦਵਾਨ ਦਾ ਕਥਨ ਹੈ ਕਿ ਪਹਾੜਾਂ ਉੱਤੇ ਮੁਸੀਕਾਰ ਨਾਂ ਦਾ ਇੱਕ ਅਜਿਹਾ ਪੰਛੀ ਹੈ ਜਿਸ ਦੇ ਨੱਕ ਵਿੱਚ ਬੰਸਰੀ ਵਾਂਗ ਸੱਤ ਸੁਰਾਖ਼ ਹਨ। ਇਨ੍ਹਾਂ ਸੁਰਾਖ਼ਾਂ ਵਿੱਚੋਂ ਸੱਤ ਸੁਰਾਂ ਪੈਦਾ ਹੋਈਆਂ। ਪ੍ਰਸਿੱਧ ਮਨੋਵਿਗਿਆਨੀ ਫ਼੍ਰਾਇਡ ਅਨੁਸਾਰ "ਸੰਗੀਤ ਦੀ ਉਤਪਤੀ ਮਨੁੱਖ ਦੀਆਂ ਮਨੋਵਿਗਿਆਨਕ ਲੋੜਾਂ ਵਿੱਚੋਂ ਆਪਣੇ ਆਪ ਹੋਈ। ਬੱਚੇ ਦਾ ਰੋਣਾ, ਚੀਕਣਾ ਹੀ ਸੰਗੀਤ ਬਣ ਗਿਆ।" ਸੰਖੇਪ ਵਿੱਚ ਅਜਿਹਾ ਨਿਰਣਾ ਕੀਤਾ ਜਾ ਸਕਦਾ ਹੈ ਕਿ ਸੰਗੀਤ ਕਲਾ ਸ੍ਰਿਸ਼ਟੀ ਰਚਨਾ ਦੇ ਨਾਲ ਹੀ ਹੋਂਦ ਵਿੱਚ ਆਈ।

ਸੰਗੀਤ-ਪੱਧਤੀਆਂ ਦੇ ਆਧਾਰ 'ਤੇ ਇਹ ਨਿਯਮਿਤ ਹੈ ਕਿ ਭਾਰਤ ਵਿੱਚ ਦੋ ਪ੍ਰਕਾਰ ਦਾ ਸੰਗੀਤ ਪ੍ਰਚਲਿਤ ਰਿਹਾ ਹੈ—ਹਿੰਦੁਸਤਾਨੀ ਸੰਗੀਤ ਪੱਧਤੀ, ਜਿਹੜੀ ਉੱਤਰੀ ਹਿੰਦੁਸਤਾਨ ਵਿੱਚ ਪ੍ਰਚਲਿਤ ਹੈ ਤੇ ਦੱਖਣੀ ਸੰਗੀਤ ਪੱਧਤੀ, ਜਿਹੜੀ ਕਿ ਦੱਖਣ ਦੇ ਰਾਜਾਂ ਵਿੱਚ ਪ੍ਰਚਲਿਤ ਹੈ ਅਤੇ ਇਸ ਨੂੰ ਕਰਨਾਟਕੀ ਸੰਗੀਤ ਵੀ ਕਹਿੰਦੇ ਹਨ।

ਸੰਗੀਤ ਦੇ ਮੁੱਖ ਤੌਰ 'ਤੇ ਦੋ ਰੂਪ ਹਨ—ਕ੍ਰਿਆਤਮਕ ਸੰਗੀਤ ਤੇ ਸੰਗੀਤ ਸ਼ਾਸਤਰ। ਕ੍ਰਿਆਤਮਕ ਸੰਗੀਤ ਵਿੱਚ ਸੰਗੀਤਕ ਰੂਪਾਂ (ਗਾਇਣ, ਵਾਦਨ ਤੇ ਨ੍ਰਿਤ) ਦੀਆਂ ਕ੍ਰਿਆਵਾਂ ਆਉਂਦੀਆਂ ਹਨ। ਸੰਗੀਤ ਸ਼ਾਸਤਰ ਵਿੱਚ ਇਨ੍ਹਾਂ ਪ੍ਰਤੀ ਸਿਧਾਂਤਕ ਅਧਿਐਨ ਆਉਂਦਾ ਹੈ। ਭਾਰਤੀ ਸੰਗੀਤ ਦੋ ਪ੍ਰਕਾਰ ਦਾ ਪ੍ਰਚਲਿਤ ਹੈ—ਸ਼ਾਸਤਰੀ ਸੰਗੀਤ ਅਤੇ ਭਾਵ ਸੰਗੀਤ। ਸ਼ਾਸਤਰੀ ਸੰਗੀਤ ਨਿਯਮਿਤ ਸ਼ਾਸਤਰ ਹੁੰਦਾ ਹੈ ਜਿਸ ਰਾਹੀਂ ਵਿਸ਼ੇਸ਼ ਨਿਯਮਾਂ ਦੀਆਂ ਬੰਦਿਸ਼ਾਂ ਵਿੱਚ ਰਹਿ ਕੇ ਹੀ ਗਾਇਣ ਕੀਤਾ ਜਾ ਸਕਦਾ ਹੈ। ਇਹ ਸਭ ਤੋਂ ਬਿਖਮ ਤੇ ਬਾਰੀਕ ਗਾਇਣ ਹੈ। ਇਸ ਦਾ ਖੇਤਰ ਬਹੁਤ ਵਿਸ਼ਾਲ ਤੇ ਡੂੰਘਾ ਹੈ, ਜੋ ਲੰਮੀ ਸਾਧਨਾ ਤੇ ਸਿਦਕ ਉਪਰ ਟਿਕਿਆ ਹੋਇਆ ਹੈ। ਜਦੋਂ ਤਕ ਸਾਧਕ ਸੰਗੀਤ ਦੇ ਸਾਗਰ ਵਿੱਚ ਸਾਧਨਾ ਰੂਪੀ ਡੁਬਕੀ ਬਾਰ-ਬਾਰ ਲਗਾ ਕੇ ਅੰਤਰਗਤ ਨਹੀਂ ਪੁੱਜਦਾ, ਉਦੋਂ ਤਕ ਸਾਗਰ ਦੀ ਗੋਦ ਵਿੱਚੋਂ ਹੀਰੇ, ਮੋਤੀ ਤੇ ਜਵਾਹਰਾਤ ਪ੍ਰਾਪਤ ਨਹੀਂ ਕਰ ਸਕਦਾ।

ਇਸ ਪ੍ਰਕਾਰ ਸੰਗੀਤ ਦੀਆਂ ਬਾਰੀਕੀਆਂ ਜਦੋਂ ਮਨ ਦੀਆਂ ਗਹਿਰਾਈਆਂ ਤਕ ਉਤਰ ਜਾਣ ਤਾਂ ਜੀਵ ਆਨੰਦਿਤ ਹੋ ਜਾਂਦਾ ਹੈ ਅਤੇ ਫਿਰ ਬਾਹਰੀ ਰਸ-ਕਸ ਦੇ ਰੰਗ ਉਸ ਨੂੰ ਪ੍ਰਭਾਵਿਤ ਨਹੀਂ ਕਰਦੇ। 'ਭਾਵ ਸੰਗੀਤ' ਵਿੱਚ ਕੋਈ ਬੰਧਨ ਨਹੀਂ ਹੁੰਦਾ ਤੇ ਇਸ ਦੇ ਰੂਪ ਨੇ ਮਨੁੱਖ ਦੇ ਕੰਨਾਂ ਨੂੰ ਪ੍ਰਭਾਵਿਤ ਕਰਨਾ ਹੁੰਦਾ ਹੈ। ਭਾਵ ਸੰਗੀਤ ਚਿੱਤਰਪਟ, ਲੋਕ-ਸੰਗੀਤ ਅਤੇ ਭਜਨ-ਸੰਗੀਤ ਦੇ ਰੂਪ ਵਿੱਚ ਪ੍ਰਚਲਿਤ ਹੋਇਆ। ਚਿੱਤਰਪਟ-ਸੰਗੀਤ ਸਿਨੇਮਾ ਦਾ ਆਧਾਰ ਬਣਿਆ। ਲੋਕ-ਸੰਗੀਤ ਲੋਕ-ਗੀਤਾਂ ਵਿੱਚ ਅਪਣਾਇਆ ਗਿਆ ਅਤੇ ਭਜਨ-ਸੰਗੀਤ ਈਸ਼ਵਰ ਦਾ ਗੁਣਗਾਣ ਕਰਨ ਲਈ ਪ੍ਰਚਲਿਤ ਹੋਇਆ।

ਸੰਗੀਤ ਦੀ ਸਰਬ-ਵਿਆਪਕਤਾ ਅਤੇ ਸਰਬ-ਪ੍ਰਿਯਤਾ ਕਾਰਨ ਹੀ ਵੇਖਣ ਵਿੱਚ ਆਉਂਦਾ ਹੈ ਕਿ ਕੁਲ ਸ੍ਰਿਸ਼ਟੀ ਦੇ ਜੀਵ ਪ੍ਰਭੂ ਦੇ ਦਰ ਦੇ ਜੱਸ ਗਾਉਂਦੇ ਪ੍ਰਤੀਤ ਹੁੰਦੇ ਹਨ। ਕਾਦਰ ਦੀ ਕੁੱਲ ਰਚਨਾ, ਬਾਗ਼-ਬਗ਼ੀਚੇ, ਝਰਨੇ, ਦਰਿਆ, ਪਸ਼ੂ-ਪੰਛੀ,

ਸੰਗੀਤਮਈ ਲੈਅ, ਤਾਲ ਵਿੱਚ ਬੱਝੇ ਹੋਏ ਹਨ, ਪਰ ਪ੍ਰਭੂ-ਰੰਗ-ਰੱਤਿਆਂ ਨੂੰ ਆਪਣੀਆਂ ਗਿਆਨ-ਇੰਦਰੀਆਂ (ਅੱਖਾਂ ਤੇ ਕੰਨਾਂ ਰਾਹੀਂ) ਉਹ ਨਾਦ ਸੁਣ ਰਿਹਾ ਹੈ। ਉਨ੍ਹਾਂ ਨੂੰ ਪਸ਼ੂ-ਪੰਛੀ, ਮਿਰਗ ਤੇ ਮੱਛੀਆਂ ਆਦਿ ਜੀਵ ਪ੍ਰਭੂ ਹਰੀ ਜਾਪ ਜਪਦੇ ਭਾਸਦੇ ਹਨ ਅਥਵਾ "ਸਭੈ ਘਟ ਰਾਮੁ ਬੋਲੈ" ਦਾ ਸੁਰ ਪ੍ਰਤੀਤ ਹੁੰਦਾ ਹੈ। ਇਸ ਪ੍ਰਤੀ ਗੁਰਬਾਣੀ ਦਰਸਾਉਂਦੀ ਹੈ :

ਜੋ ਬੋਲਤ ਹੈ ਮ੍ਰਿਗ ਮੀਨ ਪੰਖੇਰੂ ਸੁ ਬਿਨੁ ਹਰਿ ਜਾਪਤ ਹੈ ਨਹੀ ਹੋਰ॥

(ਪੰਨਾ 1265)

ਇਸ ਹਕੀਕਤ ਤੋਂ ਕੋਈ ਇਨਕਾਰ ਨਹੀਂ ਕਰ ਸਕਦਾ ਕਿ ਸੱਪ ਬੀਨ ਦੀ ਆਵਾਜ਼ ਉੱਤੇ ਮਸਤ ਹੋ ਜਾਂਦਾ ਹੈ ਤੇ ਸਪੇਰਾ ਬੇਸੁੱਧ ਹੋਏ ਸੱਪ ਦੀ ਸਾਰੀ ਜ਼ਹਿਰ ਕੱਢ ਕੇ ਉਸਨੂੰ ਆਪਣੀਆਂ ਉਂਗਲਾਂ 'ਤੇ ਨਚਾਉਂਦਾ ਫਿਰਦਾ ਹੈ। ਮਨੋਵਿਗਿਆਨੀਆਂ ਨੇ ਇਥੋਂ ਤਕ ਸਿੱਧ ਕਰ ਵਿਖਾਇਆ ਹੈ ਕਿ ਬਨਸਪਤੀ ਵੀ ਸੰਗੀਤ ਦਾ ਪ੍ਰਭਾਵ ਕਬੂਲਦੀ ਹੈ। ਉਨ੍ਹਾਂ ਨੇ ਬਨਸਪਤੀ 'ਤੇ ਕਈ ਤਜਰਬੇ ਵੀ ਕੀਤੇ ਹਨ। ਉੱਨਤ ਦੇਸ਼ਾਂ ਵਿੱਚ ਲਵੇਰੀਆਂ (ਗਊਆਂ) ਨੂੰ ਗੀਤ ਸੁਣਾ ਕੇ ਉਨ੍ਹਾਂ ਦਾ ਦੁੱਧ ਵਧਾਇਆ ਤੇ ਚੋਇਆ ਜਾਂਦਾ ਹੈ। ਸੰਗੀਤ ਨਾਲ ਹੁਣ ਮਾਨਸਿਕ ਬੀਮਾਰੀਆਂ ਦਾ ਇਲਾਜ ਵੀ ਸੌਖਿਆਂ ਕੀਤਾ ਜਾ ਸਕਦਾ ਹੈ। ਭਾਰਤ ਵਿੱਚ ਨੈਸ਼ਨਲ ਇੰਸਟੀਚਿਊਟ ਆਫ਼ ਮੈਂਟਲ ਹੈਲਥ ਬੰਗਲੌਰ ਵਿੱਚ ਕੀਤੇ ਤਜਰਬੇ ਦੱਸਦੇ ਹਨ ਕਿ ਸਾਜ਼ਾਂ ਦਾ ਸੁਰੀਲਾ ਸੰਗੀਤ ਖਿੰਡੀ-ਪੁੰਡੀ ਮਾਨਸਿਕ ਦਸ਼ਾ ਵਾਲੇ ਮਰੀਜ਼ਾਂ ਨੂੰ ਰਾਹਤ ਪਹੁੰਚਾਉਂਦਾ ਹੈ ਅਤੇ ਮਾਨਸਿਕ ਤਨਾਉ ਦੂਰ ਕਰਦਾ ਹੈ। ਖੇਤਾਂ ਵਿੱਚ ਤੇ ਫ਼ੈਕਟਰੀਆਂ ਵਿੱਚ ਕੰਮ ਕਰਦੇ ਮਜ਼ਦੂਰਾਂ ਦੀ ਨੀਰਸਤਾ ਵੀ ਸੰਗੀਤ ਰਾਹੀਂ ਖ਼ਤਮ ਹੋ ਜਾਂਦੀ ਹੈ। ਕਸਰਤ ਕਰਦਿਆਂ ਵੀ ਜੇਕਰ ਸੰਗੀਤ ਸੁਣਿਆ ਜਾਵੇ ਤਾਂ ਹਿਰਦੇ ਦੀ ਗਤੀ ਤੇ ਬਲੱਡ-ਪ੍ਰੈਸ਼ਰ ਨਾਰਮਲ ਰਹਿੰਦੇ ਹਨ, ਕਿਉਂਕਿ ਮਨੁੱਖੀ ਸਰੀਰ ਇੱਕ ਸਾਜ਼ ਹੈ ਤੇ ਉਸਨੂੰ ਲੈਅ-ਬੱਧਤਾ ਦੀ ਸਖ਼ਤ ਲੋੜ ਹੈ।

ਉਪਰੋਕਤ ਉਦਾਹਰਣਾਂ ਦੇ ਆਧਾਰ 'ਤੇ ਇਹ ਸਿੱਟਾ ਕੱਢਿਆ ਜਾ ਸਕਦਾ ਹੈ ਕਿ ਸੰਗੀਤ ਨਾਲ ਮਨ ਦ੍ਰਵਦਾ ਹੈ, ਝੂਮਦਾ ਹੈ, ਰਸ ਤੇ ਮਸਤੀ ਵਿੱਚ ਆਉਂਦਾ ਹੈ ਅਤੇ ਪਿਘਲੇ ਹੋਏ ਮਨ ਉੱਤੇ, ਚੰਗੇ ਵਿਚਾਰਾਂ ਤੇ ਬੋਲਾਂ ਦਾ ਡੂੰਘਾ ਪ੍ਰਭਾਵ ਪੈਂਦਾ ਹੈ। ਸੰਸਾਰ ਦੇ ਮੱਤ-ਮਤਾਂਤਰਾਂ ਅਤੇ ਅਧਿਆਤਮਿਕ ਚਿੰਤਕਾਂ ਨੇ ਸੰਗੀਤ ਨੂੰ ਵੱਡਾ ਮਰਤਬਾ ਦਿੱਤਾ, ਪਰ ਜੋ ਉੱਚ ਅਸਥਾਨ ਇਸ ਨੂੰ ਗੁਰਬਾਣੀ ਕੀਰਤਨ ਦੇ ਰੂਪ ਵਿੱਚ ਪ੍ਰਾਪਤ ਹੋਇਆ, ਉਸਦੀ ਮਿਸਾਲ ਕਿਧਰੇ ਨਹੀਂ ਮਿਲਦੀ।

ਕੀਰਤਨ, ਕੀਰਤੀ ਤੋਂ ਬਣਿਆ ਸ਼ਬਦ ਹੈ, ਜਿਸ ਦੇ ਅਰਥ ਹਨ—ਜੱਸ, ਵਡਿਆਈ, ਉਪਮਾ ਤੇ ਪ੍ਰਭੂ ਦੀ ਉਸਤਤਿ। ਗੁਰਮਤਿ ਵਿੱਚ ਸੁਰ, ਲੈਅ ਅਤੇ ਤਾਲ ਨਾਲ ਰਾਗਬੱਧ ਗੁਰਬਾਣੀ ਦਾ ਗਾਇਣ ਕਰਨ ਦਾ ਨਾਮ ਕੀਰਤਨ ਪਿਆ।

ਲਗਭਗ ਪੰਜ ਸੌ ਪੈਂਤੀ ਸਾਲ ਪਹਿਲਾਂ ਗੁਰੂ ਨਾਨਕ ਦੇਵ ਜੀ ਦੀ ਆਮਦ ਨਾਲ ਗੁਰਮਤਿ ਸੰਗੀਤ ਪ੍ਰਗਟ ਹੋਇਆ, ਜਿਸ ਰਾਹੀਂ ਲੁਕਾਈ ਨੂੰ ਹੱਕ-ਸੱਚ ਦੇ ਮਾਰਗ 'ਤੇ ਤੁਰਨ ਦਾ ਆਸਾਨ ਰਸਤਾ ਲੱਭ ਪਿਆ। ਇਥੋਂ ਤਕ ਕਿ ਮਨੁੱਖੀ ਪਗਡੰਡੀ ਤੋਂ

ਭੁੱਲੇ ਭਟਕੇ ਲੋਕ ਵੀ ਸਹੀ ਮਾਰਗ ਵੱਲ ਤੁਰ ਪਏ। ਗੁਰੂ ਨਾਨਕ ਦੇਵ ਜੀ ਨੇ ਧੁਰੋਂ ਆਈ ਖਸਮ ਦੀ ਬਾਣੀ ਨੂੰ ਰਾਗਾਂ ਵਿੱਚ ਉਚਾਰਿਆ ਤੇ ਗਾਇਣ ਕੀਤਾ। ਉਨ੍ਹਾਂ ਨੇ ਇਸ ਮਨੋਵਿਗਿਆਨਕ ਸਿਧਾਂਤ ਨੂੰ ਪ੍ਰਧਾਨਤਾ ਦਿੱਤੀ ਕਿ ਜੇਕਰ ਬੇਅੰਤ ਗੁਣਾਂ ਵਾਲੇ ਪ੍ਰਭੂ ਦੇ ਦਿਲੋਂ, ਸਿਦਕ ਨਾਲ ਗੁਣ ਗਾਏ ਜਾਣ ਤਾਂ ਉਸ ਗੁਣਾਂ ਵਾਲੇ 'ਗੁਣੀ' ਦੇ ਗੁਣ ਵੀ ਗੁਣ ਗਾਉਣ ਵਾਲੇ ਵਿਅਕਤੀ ਵਿੱਚ ਪ੍ਰਵੇਸ਼ ਕਰ ਜਾਂਦੇ ਹਨ। ਸਪੱਸ਼ਟ ਹੈ :

ਸਦਾ ਅਨੰਦਿ ਰਹਹਿ ਦਿਨੁ ਰਾਤੀ ਗੁਣ ਕਹਿ ਗੁਣੀ ਸਮਾਵਣਿਆ ॥

(ਪੰਨਾ 122)

ਪਹਿਲੇ ਪਾਤਸ਼ਾਹ ਤੋਂ ਬਾਅਦ ਉਨ੍ਹਾਂ ਦੀ ਜੋਤਿ ਧਾਰਨ ਕਰਨ ਵਾਲੇ ਬਾਕੀ ਗੁਰੂਆਂ ਨੇ ਵੀ ਬਾਣੀ ਰਾਗਾਂ ਵਿੱਚ ਰਚ ਕੇ ਕੀਰਤਨ ਪਰਿਪਾਟੀ ਰਾਹੀਂ ਕਲਜੁਗੀ ਜੀਵਾਂ ਦਾ ਉੱਧਾਰ ਕੀਤਾ। ਉਨ੍ਹਾਂ ਸ਼ਾਸਤਰੀ ਸੰਗੀਤ ਦੀ ਵਰਤੋਂ ਤਾਂ ਕੀਤੀ, ਪਰ ਸ਼ਬਦ ਦੇ ਭਾਵਾਂ ਨੂੰ ਚਿਤਰਣ ਲਈ। ਇਸੇ ਕਰਕੇ ਗੁਰੂਆਂ ਨੇ ਸੁਰਤ ਦੇ ਟਿਕਾਅ ਲਈ ਸ਼ਬਦ-ਕੀਰਤਨ ਦਾ ਮਾਰਗ ਅਪਣਾਉਣ ਲਈ ਕਿਹਾ। ਉਨ੍ਹਾਂ ਪ੍ਰਭੂ ਦੀ ਰਹੱਸਮਈ ਭਗਤੀ ਵਾਸਤੇ, ਮਨ ਸਾਧਨਾ ਲਈ ਹਠ ਯੋਗ ਦੀ ਥਾਂ 'ਤੇ ਕੀਰਤਨ ਦੇ ਮਾਰਗ ਨੂੰ ਉੱਤਮ ਮਾਰਗ ਦਰਸਾਇਆ।

ਭਾਰਤੀ ਸ਼ਾਸਤਰਾਂ ਨੇ ਪ੍ਰਭੂ ਭਗਤੀ ਲਈ ਛੇ ਯੋਗਾਂ ਦਾ ਵਿਵਰਣ ਦਿੱਤਾ ਹੈ। ਉਹ ਹਨ—ਹਠ ਯੋਗ, ਰਾਜ ਯੋਗ, ਗਿਆਨ ਯੋਗ, ਭਗਤੀ ਯੋਗ, ਨਾਦ ਯੋਗ ਤੇ ਮੰਤਰ ਯੋਗ।

ਗੁਰਮਤਿ ਨਾਦ ਯੋਗ ਨੂੰ ਕਬੂਲਦੀ ਹੈ ਤੇ ਕਲਜੁਗ ਵਿੱਚ ਉੱਤਮ ਭਗਤੀ ਦਾ ਸਾਧਨ ਮੰਨਦੀ ਹੈ। ਨਾਦ ਯੋਗ ਦਾ ਸਰਲ ਤੇ ਸੌਖਾ ਤਰੀਕਾ ਹੀ ਕੀਰਤਨ ਹੈ। ਕੀਰਤਨ ਦੌਰਾਨ ਸੰਸਾਰ ਤੋਂ ਨਿਰਲੇਪ ਰਹਿਣ ਦੀ ਪ੍ਰਵਿਰਤੀ, ਇਕਾਗਰਚਿੱਤਤਾ, ਪ੍ਰੀਤਮ ਤੋਂ ਵਿਛੜੇ ਹੋਣ ਦੀ ਭਾਵਨਾ ਉਜਾਗਰ ਹੁੰਦੀ ਹੈ, ਜਿਸ ਕਰਕੇ ਵੈਰਾਗ ਤੇ ਮਿਲਣ ਲਈ ਤੜਪ ਪੈਦਾ ਹੁੰਦੀ ਹੈ, ਜਿਸ ਵਿੱਚੋਂ ਮਨੁੱਖ, ਲਕਸ਼-ਸਿੱਧੀ ਵੱਲ ਪ੍ਰੇਰਿਤ ਹੁੰਦਾ ਹੈ ਤੇ ਉਹ ਲਕਸ਼-ਸਿੱਧੀ ਪਰਮਾਤਮਾ ਦੇ ਮਿਲਾਪ ਦਾ ਸਾਧਨ ਬਣਦੀ ਹੈ। ਅਜਿਹੀ ਮਿਲਾਪ ਦੀ ਲਾਲਸਾ ਨਾਲ ਕੀਤਾ ਗਾਇਣ ਵੀ ਅਜਿਹਾ ਰਸ ਉਪਜਾਉਂਦਾ ਹੈ ਕਿ ਕੀਰਤਨੀਆ ਕੀਰਤਨ ਕਰਦਾ-ਕਰਦਾ ਸਰੋਤਿਆਂ ਨਾਲ ਰਲ ਕੇ ਆਪ ਵੀ ਸਰੋਤਾ ਬਣ ਜਾਂਦਾ ਹੈ ਤੇ ਉਸ ਰਸ-ਅਨੰਦ-ਮੰਡਲ ਵਿੱਚ ਪਹੁੰਚ ਜਾਂਦਾ ਹੈ ਜਿਥੇ ਹਰ ਇੱਕ ਰਸਿਕ ਤੇ ਅਨੁਭਵੀ ਸਾਧਕ ਨੂੰ ਮੰਜ਼ਿਲ ਪ੍ਰਾਪਤ ਹੁੰਦੀ ਹੈ।

ਸ਼ਾਸਤਰੀ ਸੰਗੀਤ ਭਾਵੇਂ ਗੰਭੀਰ ਸੁਰ, ਤਾਲ ਤੇ ਲੈਆਕਾਰੀ ਬੰਦਿਸ਼ਾਂ ਕਾਰਨ ਗਾਇਕ ਤੇ ਸਰੋਤੇ ਨੂੰ ਸਿਖਰ 'ਤੇ ਪਹੁੰਚਾਉਂਦਾ ਹੈ, ਪਰ ਉਸ ਵਿੱਚੋਂ ਸਿਰਫ਼ ਸੰਗੀਤ ਦਾ ਰਸ ਹੀ ਮਾਣਿਆ ਜਾ ਸਕਦਾ ਹੈ। ਕਈ ਵਾਰ ਜ਼ਰਾ ਜਿੰਨੀ ਆਵਾਜ਼ ਤੇ ਸਾਜ਼ ਦੀ ਕਮੀ ਸਰੋਤਿਆਂ ਨੂੰ ਬੇ-ਰਸ ਕਰ ਦਿੰਦੀ ਹੈ, ਪਰ ਭਗਤੀ ਰਸ ਵਿੱਚ ਲੀਨ ਕੀਰਤਨੀਏ ਦੀ ਆਵਾਜ਼ ਅਤੇ ਸ਼ਬਦ ਦੇ ਭਾਵ ਜਿਥੇ ਕੀਰਤਨੀਏ ਨੂੰ ਰਸ-ਮੁਗਧ ਕਰਦੇ ਹਨ, ਉਥੇ ਸਰੋਤੇ ਵੀ ਮੰਤਰ-ਮੁਗਧ ਹੋ ਅਨੰਤ ਖ਼ੁਸ਼ੀਆਂ ਹਾਸਿਲ ਕਰਦੇ ਹਨ। ਗੁਰਮਤਿ ਸੰਗੀਤ ਵਿੱਚ ਸੁਰ-ਤਾਲ ਦੇ ਨਾਲ-ਨਾਲ ਸ਼ਬਦ ਦੇ ਭਾਵ ਦਾ ਜ਼ਿਆਦਾ

ਪ੍ਰਭਾਵ ਪੈਂਦਾ ਹੈ ਅਤੇ ਗਾਇਣ ਕੀਤਾ ਗਿਆ ਸ਼ਬਦ ਚਿੱਤ-ਸ਼ਕਤੀ ਨੂੰ ਬਾਹਰੀ ਸੰਸਾਰ ਨਾਲੋਂ ਤੋੜ ਕੇ ਅੰਤਰ-ਆਤਮੇ ਪਹੁੰਚਾ, ਮਨੁੱਖੀ ਜੀਵ ਨੂੰ ਝੰਜੋੜ ਸੁੱਟਦਾ ਹੈ ਅਤੇ ਉਹ ਆਪਣੀ ਮੰਜ਼ਿਲ ਵੱਲ ਤੀਬਰ ਗਤੀ ਨਾਲ ਲੈ ਤੁਰਦਾ ਹੈ। ਸੋ ਇਹ ਬਾਣੀ ਬ੍ਰਹਮ ਬੀਚਾਰ ਹੈ, ਸੰਸਾਰੀ ਗੀਤ ਨਹੀਂ। ਇਸ ਲਈ ਜਦੋਂ ਕੀਰਤਨੀਆ ਵਿਸਮਾਦੀ ਅਵਸਥਾ ਵਿੱਚ ਪੁੱਜਦਾ ਹੈ ਤਾਂ ਉਸਨੂੰ ਨਾਦ ਯੋਗ ਦੇ ਰਸ ਨਾਲ ਭਗਤੀ ਯੋਗ ਦੇ ਆਨੰਦ ਦਾ ਅਨੁਭਵ ਵੀ ਸਹਿਜ ਸੁਭਾਅ ਹੀ ਹੋ ਜਾਂਦਾ ਹੈ।

ਸੋ ਗੁਰਮਤਿ ਕੀਰਤਨ ਨਾਲ ਗੁਰਸਿੱਖ ਨੂੰ ਗੁਰੂ ਦੀ ਹਜ਼ੂਰੀ ਵਿੱਚ ਤੇ ਗੁਰੂ ਸੰਗਤ ਵਿੱਚ ਵਿਚਰਨਾ ਸਿਖਾ ਕੇ ਸਹਿਜ ਮਨ ਨਾਲ ਭਗਤੀ ਰਸ ਵਿੱਚ ਲੀਨ ਕਰਨ ਦਾ ਪ੍ਰਯੋਗ ਕੀਤਾ ਜਾ ਸਕਦਾ ਹੈ। ਇਹੀ ਕਾਰਨ ਹੈ ਕਿ ਸਿੱਖੀ ਦੀ ਰਮਜ਼ ਨੂੰ ਖ਼ੂਬ ਸਮਝਣ ਅਤੇ ਕਮਾਉਣ ਵਾਲੇ ਗੁਰਸਿੱਖ ਮਨ ਦੀ ਚੰਚਲਤਾ ਤੋਂ ਛੁਟਕਾਰਾ ਪਾ ਕੇ ਰਹਿਣੀ ਬਹਿਣੀ ਦੇ ਪੂਰੇ, ਕਰਨੀ ਦੇ ਸੂਰੇ ਤੇ ਮਨ, ਬਚਨ ਤੇ ਕਰਮ ਦੇ ਧਾਰਨੀ, ਬਾਣੀ ਦੇ ਸ਼ਰਧਾਲੂ ਤੇ ਰਸੀਏ ਬਣ ਜਾਂਦੇ ਹਨ। ਅਜਿਹੀ ਅਵਸਥਾ ਧਾਰਨ ਕਰਨ ਨਾਲ ਜ਼ਿੰਦਗੀ ਵਿੱਚ ਸਤ-ਸੰਤੋਖ, ਸ਼ਾਂਤੀ, ਤਿਆਗ ਦੇ ਗੁਣ ਸਹਿਜ-ਸੁਭਾਅ ਹੀ ਪ੍ਰਗਟ ਹੋ ਜਾਂਦੇ ਹਨ।

ਸੋ ਅਜੋਕੇ ਸਮੇਂ ਵਿੱਚ ਕੀਰਤਨ ਪ੍ਰਧਾਨ ਭਗਤੀ ਹੀ ਸਭ ਤੋਂ ਉੱਤਮ ਭਗਤੀ ਹੈ, ਜਿਸ ਨਾਲ ਆਤਮਿਕ ਅਡੋਲਤਾ ਪ੍ਰਾਪਤ ਕਰ ਕੇ ਆਨੰਦ ਮਾਣਿਆ ਜਾ ਸਕਦਾ ਹੈ। ਉਪਰੋਕਤ ਵਿਚਾਰਧਾਰਾ ਤੋਂ ਇਸ ਨਿਰਣੇ 'ਤੇ ਪੁੱਜਿਆ ਜਾ ਸਕਦਾ ਹੈ ਕਿ ਸੰਗੀਤ ਸ੍ਰਿਸ਼ਟੀ ਦੀ ਦੇਣ ਹੈ ਤੇ ਭਾਰਤੀ ਸ਼ਾਸਤਰੀ ਸੰਗੀਤ ਨੇ ਇਸ ਸੰਗੀਤ ਨੂੰ ਬੰਧਨਾਂ ਵਿੱਚ ਬੰਨ੍ਹ ਕੇ ਨਿਯਮਬੱਧ ਕਰ ਦਿੱਤਾ ਤੇ ਗੁਰਮਤਿ ਸੰਗੀਤ ਨੇ ਇਸਨੂੰ ਭਗਤੀ ਦਾ ਸਾਧਨ ਬਣਾ ਕੇ ਜੀਵਾਂ ਨੂੰ ਪ੍ਰਭੂ ਜੱਸ ਗਾਉਂਦੇ-ਗਾਉਂਦੇ ਉਸ ਦੇ ਦਰ ਤਕ ਪਹੁੰਚਾਉਣ ਦਾ ਰਸਤਾ ਦਿਖਾ ਦਿੱਤਾ।

ਗੁਰਮਤਿ ਸੰਗੀਤ ਸੁਖਾਵੇਂ ਜੀਵਨ ਦਾ ਅਨਮੋਲ ਰਸਤਾ

ਭਾਰਤ ਵਿੱਚ ਪ੍ਰਾਚੀਨ ਸਮੇਂ ਤੋਂ ਹੀ ਧਰਮ ਅਤੇ ਸੰਗੀਤ ਦਾ ਗੂੜ੍ਹਾ ਰਿਸ਼ਤਾ ਬਣਿਆ ਰਿਹਾ ਹੈ। ਇਸਲਾਮ ਨੂੰ ਛੱਡ ਕੇ ਬਾਕੀ ਲਗਭਗ ਸਾਰੇ ਧਰਮਾਂ ਵਿਚ ਸੰਗੀਤ ਦੀ ਬਹੁਤ ਮਹਾਨਤਾ ਰਹੀ ਹੈ। ਹਿੰਦੁਸਤਾਨੀ ਸੰਗੀਤ ਨਾਦ-ਵਾਦ ਤੇ ਨ੍ਰਿਤ ਦੇ ਰੂਪ ਵਿੱਚ ਸ੍ਰੇਸ਼ਟ ਰਿਹਾ ਹੈ। ਸੰਗੀਤ ਦਾ ਉਦੇਸ਼ ਗਾਇਣ, ਵਾਦਨ ਅਤੇ ਨ੍ਰਿਤ ਰਾਹੀਂ ਆਨੰਦ ਦੀ ਭਾਵਨਾ ਪੂਰੀ ਤਰ੍ਹਾਂ ਜਾਗ੍ਰਿਤ ਕਰਨਾ ਹੈ ਤਾਂ ਜੋ ਸ੍ਰਿਸ਼ਟੀ ਦੇ ਸਿਰਜਨਹਾਰ, ਕਰਤਾਰ ਦਾ ਸਹੀ, ਦ੍ਰਿੜ੍ਹ ਚਿਤ੍ਰਣ ਕੀਤਾ ਜਾ ਸਕੇ ਤੇ ਉਸਦੇ ਸਤ-ਚਿੱਤ-ਆਨੰਦ ਨੂੰ ਪ੍ਰਗਟਾਇਆ ਜਾ ਸਕੇ। ਪ੍ਰਸਿੱਧ ਵਿਦਵਾਨ ਕਾਰਲਾਇਲ ਨੇ ਸੰਗੀਤ ਨੂੰ ਫ਼ਰਿਸ਼ਤਿਆਂ ਦੀ ਜ਼ੁਬਾਨ ਆਖਿਆ ਤੇ ਮਾਰਟਨ ਲੂਥਰ ਨੇ ਸੰਗੀਤ ਨੂੰ ਪੈਗ਼ੰਬਰਾਂ ਦੀ ਕਲਾ ਤੇ ਆਤਮਾ ਦੀ ਅਸ਼ਾਂਤੀ ਦੂਰ ਕਰਨ ਦਾ ਸਾਧਨ ਜਾਣ ਕੇ ਤਰਜੀਹ ਦਿੱਤੀ।

ਗੁਰੂ ਸਾਹਿਬਾਨਾਂ ਨੇ ਗੁਰਮਤਿ ਸੰਗੀਤ ਨੂੰ ਨਿਵੇਕਲੇ ਅਰਥਾਂ ਵਿਚ ਰੂਪਮਾਨ ਕੀਤਾ ਹੈ ਤੇ ਉਨ੍ਹਾਂ ਨੇ ਇਸ ਨੂੰ ਉਨ੍ਹਾਂ ਧੁਨਾਂ, ਸ਼ਬਦਾਂ ਤੇ ਭਾਵਾਂ ਨਾਲ ਜੋੜਿਆ ਹੈ, ਜਿਸ ਰਾਹੀਂ ਉੱਚੇ ਸੂਖਮ ਅਨੁਭਵ ਸਹਿਜ-ਭਾਵ ਨਾਲ ਪ੍ਰਾਪਤ ਕੀਤੇ ਜਾ ਸਕਣ। ਗੁਰਮਤਿ ਅਨੁਸਾਰ :

ਧੁਨਿ ਮਹਿ ਧਿਆਨੁ, ਧਿਆਨ ਮਹਿ ਜਾਨਿਆ, ਗੁਰਮੁਖਿ ਅਕਥ ਕਹਾਨੀ॥

(ਪੰਨਾ 879)

ਭਾਵ ਕਿ ਗੁਰਮਤਿ ਨਾਦ ਉਹ ਧੁਨੀ ਹੈ ਜੋ ਮਨ ਦੀ ਚੰਚਲਤਾ, ਵਿਖਮਤਾ ਨੂੰ ਠੱਲ੍ਹ ਪਾ ਕੇ ਪਰਮ ਸੱਤਾ ਦੀਆਂ ਲਹਿਰਾਂ ਵਿਚ ਲਿਵਲੀਨ ਕਰਦੀ ਹੈ; ਜੋ ਧੁਰ ਮੰਜ਼ਿਲ ਤਕ ਲੈ ਜਾਂਦੀ ਹੈ ਅਤੇ ਦਿਬ-ਦ੍ਰਿਸ਼ਟੀ ਰਾਹੀਂ ਉਸ ਅਗੰਮੀ, ਅਡੋਲ, ਅਕੱਥ ਦੇ ਆਨੰਦ ਵਿਭੋਰ ਦਰਸ਼ਨ ਕਰਵਾਉਂਦੀ ਹੈ ਅਤੇ ਵੈਰਾਗ ਵਿਚ ਲਿਜਾ ਕੇ, ਮਨੁੱਖ ਨੂੰ ਪ੍ਰਮਾਰਥੀ ਬਣਾ, ਪ੍ਰਭੂ ਨਾਲ ਇਕਮਿਕਤਾ ਲਈ ਰਾਹ ਉਲੀਕਦੀ ਹੈ।

ਜੇ ਭਾਰਤੀ ਧਾਰਮਿਕ ਸ਼ਾਸਤਰਾਂ ਦਾ ਅਧਿਐਨ ਕਰੀਏ ਤਾਂ ਇਹ ਪ੍ਰਤੱਖ ਪ੍ਰਮਾਣ ਮਿਲਦੇ ਹਨ ਕਿ ਇਨ੍ਹਾਂ ਨੇ ਤਿੰਨ ਮਾਰਗਾਂ ਨੂੰ ਪ੍ਰਭੂ ਪ੍ਰਾਪਤੀ ਲਈ ਅਪਣਾਇਆ। ਉਹ ਹਨ—ਗਿਆਨ-ਮਾਰਗ, ਕਰਮ-ਮਾਰਗ ਅਤੇ ਉਪਾਸਨਾ-ਮਾਰਗ। ਗਿਆਨ-ਮਾਰਗ ਦਾਰਸ਼ਨਿਕ ਸਿਧਾਂਤਾਂ ਦੀ ਖੋਜ ਦਾ ਮਾਰਗ ਰਿਹਾ ਹੈ ਜਿਹੜਾ ਦਿਮਾਗ਼ੀ ਸ਼ਕਤੀ 'ਤੇ ਨਿਰਭਰ ਸੀ। ਕਰਮ-ਮਾਰਗ ਸਰੀਰਕ ਕਰਮਕਾਂਡਾਂ 'ਤੇ ਨਿਰਭਰ ਰਿਹਾ। ਉਪਾਸਨਾ-ਮਾਰਗ ਪ੍ਰੇਮ ਭਗਤੀ ਦੇ ਰੂਪ ਵਿੱਚ ਰੂਪਮਾਨ ਹੋਇਆ। ਪਹਿਲੇ ਦੋ ਮਾਰਗ

ਹਉਮੈ ਕਾਰਨ ਮਨੁੱਖ ਦਾ ਕੁਝ ਵੀ ਨਹੀਂ ਸੰਵਾਰ ਸਕੇ। ਇਸ ਕਰਕੇ ਸੰਤਾਂ, ਭਗਤਾਂ ਨੇ ਪ੍ਰੇਮ ਭਗਤੀ ਨੂੰ ਹੀ ਪ੍ਰਭੂ ਪ੍ਰਾਪਤੀ ਦਾ ਮਾਰਗ ਦੱਸਿਆ। ਕਬੀਰ ਜੀ ਨੇ ਇਸ ਦੀ ਪ੍ਰੋੜ੍ਹਤਾ ਕਰਦਿਆਂ ਕਿਹਾ :

ਪਢਤਾ ਪਢਤਾ ਜਗੁ ਮੁਆ ਪੰਡਿਤ ਭਯਾ ਨ ਕੋਇ।
ਢਾਈ ਅਖਰ ਪ੍ਰੇਮ ਕੇ ਪਢੇ ਸੁ ਪੰਡਿਤ ਹੋਇ।

ਗੁਰੂ ਸਾਹਿਬਾਂ ਨੇ ਕਰਮ-ਮਾਰਗ ਦੀ ਨਿਖੇਧੀ ਪ੍ਰਤੀ ਦਰਸਾਇਆ :

ਪੂਜਾ ਅਰਚਾ ਬੰਦਨ ਡੰਡਉਤ ਖਟੁ ਕਰਮਾ ਰਤੁ ਰਹਤਾ॥
ਹਉ ਹਉ ਕਰਤ ਬੰਧਨ ਮਹਿ ਪਰਿਆ ਨਹ ਮਿਲੀਐ ਇਹ ਜੁਗਤਾ॥

(ਪੰਨਾ 642)

ਗੁਰਮਤਿ ਵਿਚਾਰਧਾਰਾ ਗਿਆਨ-ਮਾਰਗ, ਕਰਮ-ਮਾਰਗ ਤੇ ਉਪਾਸਨਾ-ਮਾਰਗ ਦਾ ਸੁਮੇਲ ਹੈ। ਗੁਰਬਾਣੀ ਗਿਆਨ ਦੇ ਰਤਨਾਂ ਦੀ ਖਾਨ ਹੈ। ਗੁਰਬਾਣੀ ਵਿਚਲੇ ਵਿਚਾਰ ਉਹ ਰਤਨ ਹਨ ਜੋ ਮਨੁੱਖ ਨੂੰ ਸਾਵੇਂ, ਸੁਧਰੇ ਤੇ ਸੁਖਾਵੇਂ ਜੀਵਨ ਜੀਉ ਸਕਣ ਦੀ ਪ੍ਰੇਰਨਾ ਦਿੰਦੇ ਹਨ। ਇਨ੍ਹਾਂ ਰਤਨਾਂ ਨੂੰ ਪ੍ਰਮਾਰਥ ਦੇ ਪਾਂਧੀਆਂ ਲਈ ਅਨਮੋਲ ਦੱਸਿਆ ਹੈ :

ਰਤਨਾ ਰਤਨ ਪਦਾਰਥ ਬਹੁ ਸਾਗਰੁ ਭਰਿਆ ਰਾਮ॥
ਬਾਣੀ ਗੁਰਬਾਣੀ ਲਾਗੇ ਤਿਨ੍ ਹਥਿ ਚੜਿਆ ਰਾਮ॥
ਗੁਰਬਾਣੀ ਲਾਗੇ ਤਿਨ੍ ਹਥਿ ਚੜਿਆ ਨਿਰਮੋਲਕੁ ਰਤਨੁ ਅਪਾਰਾ॥

(ਪੰਨਾ 442)

ਇਹ ਇੱਕ ਪ੍ਰਤੱਖ ਸੱਚਾਈ ਹੈ ਕਿ ਮਨੁੱਖੀ ਮਨ ਕਿੰਨਾ ਵੀ ਚਿੰਤਕ ਅਤੇ ਸੋਚਵਾਨ ਹੋਵੇ, ਉਹ ਚਿੰਤਨ ਅਤੇ ਸੋਚਾਂ ਦੇ ਖ਼ੁਸ਼ਕ ਫ਼ਲਸਫ਼ੇ ਤੋਂ ਕਦੇ ਵੀ ਆਨੰਦ ਨਹੀਂ ਲੈ ਸਕਦਾ, ਕਿਉਂਕਿ ਫੋਕਾ ਗਿਆਨ ਤੇ ਸਿਧਾਂਤਕ ਗਿਆਨ ਇੱਕ ਸੰਗ੍ਰਹਿਆਲਯਾ ਦੇ ਰੂਪ ਵਿਚ ਮੂਰਤੀਮਾਨ ਤਾਂ ਹੋ ਸਕਦਾ ਹੈ, ਜਿਸ ਨਾਲ ਮਨੁੱਖ ਦਾਰਸ਼ਨਿਕ, ਬੁੱਧੀ-ਜੀਵੀ ਤੇ ਵਿਦਵਾਨ ਤਾਂ ਬਣ ਸਕਦਾ ਹੈ ਪਰ ਜਦੋਂ ਇਹ ਗਿਆਨ ਸੰਗੀਤ ਅਤੇ ਰਾਗਬੱਧ ਹੋ ਕੇ ਉਪਾਸਨਾ ਦੇ ਸਾਧਨਾਂ ਰਾਹੀਂ ਅੰਦਰੂਨੀ ਆਤਮਾ ਨੂੰ ਹਲੂਣਦਾ ਹੈ ਤਾਂ ਵੈਰਾਗ ਦਾ ਅੰਮ੍ਰਿਤਮਈ ਛੱਟਾ ਮਾਰ ਰੁੱਖੇ, ਉਦਾਸੇ ਜੀਵਨ ਨੂੰ ਆਨੰਦਿਤ ਕਰ ਅੰਦਰੂਨੀ ਖ਼ੁਸ਼ੀ ਦਿੰਦਾ ਹੈ। ਇਸੇ ਕਰਕੇ ਗੁਰੂ ਨਾਨਕ ਦੇਵ ਜੀ ਨੇ ਕਲਜੁਗ ਦੇ ਸਮੇਂ ਵਿਚ ਭਗਤੀ ਦਾ ਸਭ ਤੋਂ ਸੌਖਾ ਸਾਧਨ ਕੀਰਤਨ ਦੱਸਿਆ ਹੈ। ਸਪੱਸ਼ਟ ਹੈ ਕਿ :

ਕਲਜੁਗ ਮਹਿ ਕੀਰਤਨੁ ਪਰਧਾਨਾ॥
ਗੁਰਮੁਖਿ ਜਪੀਐ ਲਾਇ ਧਿਆਨਾ॥ *(ਪੰਨਾ 1075)*

ਪਰ ਕੀਰਤਨ ਦੀ ਪ੍ਰਧਾਨਤਾ ਤਦ ਹੀ ਕਾਇਮ ਹੋ ਸਕਦੀ ਹੈ ਜੇ ਇਹ ਸੰਗੀਤਮਈ ਤਾਂ ਹੋਵੇ, ਪਰ ਨਾਚ, ਨਾਟ, ਮਨੋਰੰਜਨ, ਪ੍ਰੇਮ ਅਤੇ ਹੁਲਾਸ ਤੋਂ ਮੁਕਤ ਹੋਵੇ।

ਗੁਰੂਆਂ ਨੇ ਪੁਰਾਤਨ ਸੰਗੀਤ ਦੇ ਤਿੰਨ ਰੂਪਾਂ—ਗਾਇਣ, ਵਾਦਨ ਤੇ ਨ੍ਰਿਤ ਨੂੰ ਨਵਾਂ ਰੂਪ ਦਿੱਤਾ। ਉਨ੍ਹਾਂ ਗੁਰਮਤਿ ਸੰਗੀਤ ਦਾ ਮਨੋਰਥ ਅਕਾਲ ਪੁਰਖ ਦਾ ਜੱਸ, ਵਡਿਆਈ, ਕੀਰਤੀ ਤੇ ਸੋਭਾ ਕਰਨਾ ਦੱਸਿਆ। ਕੀਰਤਨ ਦਾ ਸਰਵੋਤਮ ਰੂਪ ਵੀ ਇਹੀ ਹੈ।

ਅਕਾਲ ਪੁਰਖ ਦੇ ਅਨੇਕਾਂ ਗੁਣਾਂ ਦਾ ਵਾਰ-ਵਾਰ ਗਾਇਣ ਕਰ ਕੇ ਉਨ੍ਹਾਂ ਦੇ ਗੁਣਾਂ ਦਾ ਸੰਚਾਰ ਆਪਣੇ ਅੰਦਰ ਕਰਨਾ ਹੈ ਤਾਂ ਜੋ ਮਨ ਵਿਚ ਆਤਮਿਕ ਸ਼ੁੱਧੀ ਤੇ ਅਗੰਮੀ ਰਸ ਦਾ ਸੰਚਾਰ ਹੋ ਸਕੇ। ਜਿਵੇਂ ਬੁੱਧੀ ਨੂੰ ਗਿਆਨ ਦੀ ਭੁੱਖ ਲੱਗਦੀ ਹੈ, ਇਵੇਂ ਹੀ ਆਤਮਾ ਨੂੰ ਨਾਦ ਦੀ। ਸ਼ਬਦ ਅਰਥ ਭਰਪੂਰ ਹੋਵੇ ਤਾਂ ਆਤਮਾ ਬਲਵਾਨ ਹੋ ਕੇ ਅਰਸ਼ੀ ਪ੍ਰਭਾਵ ਕਬੂਲਦੀ ਹੈ। ਉਸ ਅੰਦਰੋਂ ਈਰਖਾ, ਦਵੈਸ਼, ਕਾਮ, ਕ੍ਰੋਧ ਦੀ ਨਵਿਰਤੀ ਹੁੰਦੀ ਹੈ। ਸ਼ਰਧਾ, ਪ੍ਰੇਮ, ਵੈਰਾਗ ਤੇ ਪਿਆਰ ਦੇ ਭਾਵ ਅਗੰਮੀ ਹਲੋਰਾ ਦਿੰਦੇ ਹਨ। ਗੁਰਮਤਿ ਸੰਗੀਤ ਦੀ ਦੂਹਰੀ ਖਿੱਚ ਨਾਲ ਹਿਰਦਾ ਕੋਮਲ ਵੀ ਹੁੰਦਾ ਹੈ। ਚਿਹਰੇ 'ਤੇ ਰੂਹਾਨੀ ਰੰਗਤ ਆਉਂਦੀ ਹੈ। ਵਾਤਾਵਰਣ ਵਿੱਚੋਂ ਕਲਾ-ਕਲੇਸ਼ ਦੂਰ ਹੁੰਦੇ ਹਨ ਤੇ ਮਨੁੱਖੀ ਮਨ ਚਿੰਤਾਵਾਂ, ਫ਼ਿਕਰਾਂ ਤੇ ਝੋਰਿਆਂ ਤੋਂ ਮੁਕਤ ਹੋ ਕੇ ਚੜ੍ਹਦੀ ਕਲਾ ਵਿੱਚ ਵਿਚਰਨ ਲੱਗ ਪੈਂਦਾ ਹੈ। ਗੁਰਬਾਣੀ ਪ੍ਰਮਾਣ ਦਿੰਦੀ ਹੈ :

ਮੁਕਤਿ ਭੁਗਤਿ ਜੁਗਤਿ ਤੇਰੀ ਸੇਵਾ ਜਿਸੁ ਤੂੰ ਆਪਿ ਕਰਾਇਹਿ ॥
ਤਹਾ ਬੈਕੁੰਠੁ ਜਹ ਕੀਰਤਨੁ ਤੇਰਾ ਤੂੰ ਆਪੇ ਸਰਧਾ ਲਾਇਹਿ ॥

(ਪੰਨਾ 749)

ਗੁਰਮਤਿ ਸੰਗੀਤ ਦੀ ਵਿਲੱਖਣਤਾ ਸ਼ਾਸਤਰੀ ਤੇ ਭਾਰਤੀ ਸੰਗੀਤ ਨਾਲੋਂ ਇਸ ਕਰਕੇ ਅੱਡਰੀ ਹੈ ਕਿ ਇਸ ਵਿਚਲਾ ਸੰਗੀਤ ਗੁਰਮਤਿ ਵਿਚਾਰਧਾਰਾ ਦੇ ਅਨੁਕੂਲ ਹੈ। ਗੁਰਬਾਣੀ ਸੰਗੀਤ ਲੋਕਾਂ ਦੇ ਜੀਵਨ ਨੂੰ ਉੱਚੇ-ਸੁੱਚੇ ਆਚਰਣਕ ਢਾਂਚੇ ਵਿਚ ਢਾਲ ਕੇ ਅਕਾਲ ਪੁਰਖ ਨਾਲ ਇੱਕ-ਮਿੱਕ ਹੋਣ ਲਈ ਰਾਹ-ਦਸੇਰਾ ਬਣਦਾ ਹੈ। ਗੁਰੂ ਸਾਹਿਬਾਨਾਂ ਨੇ ਅਨਮੋਲ ਵਿਚਾਰ-ਤੱਤ, ਕਾਵਿ-ਰੂਪ ਵਿਚ ਦਰਸਾਏ ਹਨ। ਇਹ ਤੱਤ ਅੰਦਰੂਨੀ ਖੋਜ ਪ੍ਰਤੀ ਜਾਗਰੂਪ ਕਰਦੇ ਹਨ। ਅੰਦਰੂਨੀ ਖੋਜ ਰਾਹੀਂ ਗੁਹਜ ਰਤਨਾਂ ਦੀ ਪ੍ਰਾਪਤੀ ਹੁੰਦੀ ਹੈ। ਗੁਰਬਾਣੀ ਵਿਚ ਅੰਕਿਤ ਹੈ :

ਮਤਿ ਵਿਚਿ ਰਤਨ ਜਵਾਹਰ ਮਾਣਿਕ ਜੇ ਇਕ ਗੁਰ ਕੀ ਸਿਖ ਸੁਣੀ ॥

(ਪੰਨਾ 2)

ਗੁਰ ਕਾ ਸਬਦੁ ਰਤੰਨੁ ਹੈ ਹੀਰੇ ਜਿਤੁ ਜੜਾਉ ॥
ਸਬਦੁ ਰਤਨੁ ਜਿਤੁ ਮੰਨੁ ਲਾਗਾ ਏਹੁ ਹੋਆ ਸਮਾਉ ॥ *(ਪੰਨਾ 920)*

ਇਹ ਸਪੱਸ਼ਟ ਹੈ ਕਿ ਗੁਰਮਤਿ ਸੰਗੀਤ ਸਿਰਫ਼ ਕੰਨ-ਰਸ ਬਣਨ ਦਾ ਸਾਧਨ ਨਹੀਂ, ਸਗੋਂ ਇਹ ਤਾਂ ਬ੍ਰਹਮ ਵਿਚਾਰ ਹੈ, ਪ੍ਰਭੂ ਪ੍ਰਾਪਤੀ ਦਾ ਸਾਧਨ ਹੈ। ਆਤਮਿਕ ਉਪਦੇਸ਼-ਦਾਤਾ ਹੈ। ਗੁਰਬਾਣੀ ਸੰਗੀਤ ਉਦੋਂ ਆਨੰਦ ਬਿਖੇਰਦਾ ਹੈ ਜਦੋਂ ਇਕਾਗਰ-ਚਿੱਤ ਹੋ ਕੇ ਸ਼ਬਦ ਰੂਪ ਦੁੱਧ ਨੂੰ ਰਿੜਕਣਾ ਪਾਇਆ ਜਾਂਦਾ ਹੈ ਤਾਂ ਮੱਖਣ ਨਿਤਰਦਾ ਹੈ, ਜੋ ਰੂਹ ਨੂੰ ਬਲਵਾਨ ਬਣਾਉਣ ਵਿਚ ਸਹਾਈ ਹੁੰਦਾ ਹੈ ਤੇ ਵਿਚਾਰਾਂ ਨਾਲ ਲੱਥ-

ਪੱਥ ਹੋਏ ਮਨ ਨੂੰ ਸੁਰਜੀਤ ਕਰ ਕੇ ਖੇੜਾ ਬਖ਼ਸ਼ਦਾ ਹੈ। ਸੋ ਗੁਰਮਤਿ ਸੰਗੀਤ ਭਾਰਤੀ ਸੰਗੀਤ ਨਾਲੋਂ ਇਸ ਪੱਖੋਂ ਭਿੰਨ ਹੈ ਕਿ ਇਹ ਬ੍ਰਹਮ ਵਿਚਾਰ ਦਾ ਇੱਕ ਸਾਧਨ ਹੈ। ਗੁਰਬਾਣੀ ਇਸ ਪ੍ਰਤੀ ਦਰਸਾਉਂਦੀ ਹੈ :

ਲੋਗੁ ਜਾਨੈ ਇਹੁ ਗੀਤੁ ਹੈ ਇਹੁ ਤਉ ਬ੍ਰਹਮ ਬੀਚਾਰ॥ *(ਪੰਨਾ 335)*

ਭਾਰਤੀ ਸੰਗੀਤ ਦੇ ਪ੍ਰੇਮੀਆਂ ਲਈ ਇਹ ਇੱਕ ਮਨੋਰੰਜਨ ਦਾ ਸਾਧਨ ਰਿਹਾ ਹੈ। ਗਿਆਨ ਮਾਰਗੀਆਂ ਨੇ ਇਸੇ ਕਰਕੇ ਇਸ ਨੂੰ ਤ੍ਰਿਸਕਾਰਿਆ ਹੈ। ਜਿਨ੍ਹਾਂ ਨੇ ਇਸ ਨੂੰ ਪ੍ਰਭੂ ਭਗਤੀ ਦੇ ਮਾਰਗ ਲਈ ਅਪਣਾਇਆ, ਉਨ੍ਹਾਂ ਨੇ ਵੀ ਨਾਚ ਤੇ ਨਾਟ ਰਾਹੀਂ ਆਪਣੇ ਸਰੀਰ ਤੇ ਮਨ ਦੀ ਚੰਚਲਤਾ ਨੂੰ ਘਟਾਇਆ ਨਹੀਂ, ਸਗੋਂ ਵਧਾਇਆ ਹੈ। ਇਹ ਮੰਦਰਾਂ ਦੇ ਅੰਦਰ ਦੇਵਦਾਸੀਆਂ ਰਾਹੀਂ ਰੂਪਮਾਨ ਹੋਇਆ। ਰਾਜਿਆਂ ਤੇ ਅਮੀਰਾਂ ਨੇ ਇਸ ਨੂੰ ਦਫ਼ਨਾਉਣ ਲਈ ਸਿਰਤੋੜ ਯਤਨ ਕੀਤੇ, ਪਰ ਗੁਰੂਆਂ ਤੇ ਉਨ੍ਹਾਂ ਦੇ ਸਮੇਂ ਦੇ ਸੂਫ਼ੀਆਂ ਨੇ ਇਸਦੇ ਰੂਹਾਨੀ ਕਲਾਮਾਂ ਨੂੰ ਸਹਿਜ ਨਾਲ ਗਾਉਣ ਲਈ ਵਰਤਿਆ। ਉਨ੍ਹਾਂ ਨੇ ਅਜਿਹੇ ਰਾਗ ਤੇ ਰਾਗਨੀਆਂ ਪੈਦਾ ਕੀਤੀਆਂ, ਜਿਨ੍ਹਾਂ ਦੇ ਗਾਇਣ ਕਰਨ ਨਾਲ ਸਾਰੀਆਂ ਤ੍ਰਿਸ਼ਨਾਵਾਂ ਬੁੱਝ ਜਾਣ। ਗੁਰੂ ਨਾਨਕ ਦੇਵ ਜੀ ਨੇ ਆਪਣੇ ਸਿਖਿਆਰਥੀ ਭਾਈ ਮਰਦਾਨਾ ਜੀ ਨੂੰ ਮੁਸਲਮਾਨ ਹੋਣ ਦੇ ਬਾਵਜੂਦ ਕੀਰਤਨ ਦੀ ਦਾਤ ਬਖ਼ਸ਼ੀ। ਸੰਗੀਤ ਨੂੰ ਸ਼ਬਦ ਨਾਲ ਓਤਪੋਤ ਕਰ ਕੇ ਮਨ ਦੀ ਮੌਜ, ਰੂਹ ਦੀ ਖ਼ੁਰਾਕ ਅਤੇ ਆਤਮਾ ਨੂੰ ਉੱਚਾ ਚੁੱਕਣ ਦਾ ਸਾਧਨ ਬਣਾਇਆ। ਇਸੇ ਸ਼ਬਦ ਕੀਰਤਨ ਸਦਕਾ ਹੀ ਕੌਡੇ ਰਾਖਸ਼ ਤੇ ਸੱਜਣ ਠੱਗ ਵਰਗੇ ਕਰੂਰ ਮਨ ਵਾਲੇ ਇਨਸਾਨ ਵੀ ਸਾਧੂ ਬਣ ਗਏ।

ਅੰਤ ਵਿਚ ਅਸੀਂ ਕਹਿ ਸਕਦੇ ਹਾਂ ਕਿ ਗੁਰਮਤਿ ਵਿਚਾਰਧਾਰਾ ਦੁੱਧ ਦੀ ਨਿਆਈਂ ਹੈ ਤੇ ਸੰਗੀਤ ਮੱਖਣ ਦੀ ਤਰ੍ਹਾਂ, ਜੋ ਰੂਹ ਨੂੰ ਬਲਵਾਨ ਬਣਾਉਣ ਲਈ ਸਹਾਇਕ ਹੁੰਦਾ ਹੈ। ਕੀਰਤਨ ਗਾਇਣ ਸਦਕਾ ਰੂਹ ਆਤਮਿਕ ਖੇੜੇ ਸਹਿਤ ਸੁਹਿਰਦਤਾ ਤੇ ਨਿਮਰਤਾ ਵਰਗੇ ਗੁਣਾਂ ਦੀ ਧਾਰਣੀ ਬਣਦੀ ਹੈ, ਜਿਸ ਨਾਲ ਸ਼ਬਦ-ਸੁਰਤ ਦਾ ਮੇਲ ਹੁੰਦਾ ਹੈ। ਇਸ ਮੇਲ ਨਾਲ ਸਾਰੀਆਂ ਇੰਦ੍ਰੀਆਂ ਵੱਸ ਵਿੱਚ ਆ ਜਾਂਦੀਆਂ ਹਨ ਤੇ ਪ੍ਰਭੂ ਦੇ ਦਰ ਖੁੱਲ੍ਹ ਜਾਂਦੇ ਹਨ ਅਤੇ ਜਿਸ ਨਾਲ ਉਸ ਵਿੱਚ ਅਭੇਦ ਹੋ ਜਾਈਦਾ ਹੈ।

ਗੁਰੂ ਘਰ ਦੇ ਪਰੰਪਰਾਵਾਦੀ ਕੀਰਤਨ ਤੇ ਆਧੁਨਿਕ ਕੀਰਤਨ ਦਾ ਤੁਲਨਾਤਮਿਕ ਅਧਿਐਨ

ਗੁਰੂ ਘਰ ਵਿਚ ਕੀਰਤਨ ਪ੍ਰੰਪਰਾ ਦਾ ਆਰੰਭ ਸਿਧਾਂਤਿਕ ਤੇ ਵਿਵਹਾਰਿਕ ਰੂਪ ਵਿੱਚ ਕੀਰਤਨ ਸ਼ੈਲੀ ਨਾਲ ਹੋਇਆ। ਇਹ ਸਫ਼ਰ ਮੱਧ ਕਾਲ ਤੋਂ ਵਰਤਮਾਨ ਸਮੇਂ ਤਕ ਵਿਸਤ੍ਰਿਤ ਪਸਾਰੇ ਵਾਲੀ ਵਿਲੱਖਣ ਪ੍ਰੰਪਰਾ ਨਾਲ ਸੰਬੰਧਿਤ ਹੈ, ਜੋ ਰਬਾਬੀ ਗਾਇਕਾਂ ਤੋਂ ਅੱਗੇ ਤੁਰ ਕੇ ਸਾਧਾਰਨ ਸਿੱਖ ਸੰਗਤ ਵਿਚ ਗੁਰਮਤਿ ਸੰਗੀਤ ਦੇ ਸਵੈ-ਪ੍ਰਵਾਹ ਸ਼ਬਦ ਕੀਰਤਨ ਉੱਪਰ ਆਧਾਰਿਤ ਹੈ। ਇਸ ਪ੍ਰੰਪਰਾ ਅਧੀਨ ਲੰਮੇ ਸਮੇਂ ਤਕ ਰਬਾਬੀਆਂ ਦੁਆਰਾ ਕੀਰਤਨ ਸੀਨਾ-ਬ-ਸੀਨਾ ਗੁਰੂ ਘਰ ਵਿੱਚ ਚੱਲਦਾ ਰਿਹਾ, ਜੋ ਕਿਸੇ ਨਿਯਮਿਤ ਸਿਖਲਾਈ ਉੱਪਰ ਆਧਾਰਿਤ ਸੀ। ਇਹ ਸਿਖਲਾਈ ਰਬਾਬੀ ਕੀਰਤਨੀਏ ਜਾਂ ਤਾਂ ਆਪਣੇ ਬਜ਼ੁਰਗਾਂ ਤੋਂ ਹਾਸਲ ਕਰਦੇ ਜਾਂ ਗੁਰੂ ਪ੍ਰੰਪਰਾ ਅਧੀਨ ਕਿਸੇ ਮੁਸਲਮਾਨ ਦੇ ਸ਼ਾਗਿਰਦ ਬਣ ਕੇ ਪ੍ਰਾਪਤ ਕਰਦੇ, ਪਰ ਉਨ੍ਹਾਂ ਵਿੱਚ ਸੰਜਮ, ਸਿਦਕ, ਪ੍ਰੇਮ, ਸੇਵਾ ਵਰਗੇ ਗੁਣਾਂ ਦੇ ਨਾਲ-ਨਾਲ ਗੁਰੂ ਦੀਆਂ ਰਹਿਮਤਾਂ, ਬਖ਼ਸ਼ਿਸ਼ਾਂ ਅਤੇ ਅਸੀਸਾਂ ਵੀ ਹੁੰਦੀਆਂ। ਵਰਤਮਾਨ ਸਮੇਂ ਦੇ ਰਾਗੀਆਂ ਨੇ ਇਸ ਪ੍ਰੰਪਰਾ ਨੂੰ ਅੱਗੇ ਤੋਰਿਆ, ਪਰ ਅਜੋਕੇ ਸਮੇਂ ਵਿੱਚ ਇਸ ਅਮੀਰ ਪ੍ਰੰਪਰਾ ਨੂੰ ਵਿਵਹਾਰਿਕ ਪੱਖੋਂ ਕਮਜ਼ੋਰ ਕਰਨ ਦੇ ਭਾਈਵਾਲ ਕਈ ਰਾਗੀ ਸਿੰਘ ਹਨ, ਜਿਨ੍ਹਾਂ ਕੀਰਤਨ ਨੂੰ ਜੀਵਨ ਨਿਰਬਾਹ ਦਾ ਆਧਾਰ ਬਣਾਇਆ ਹੈ।

ਜੇ ਇਤਿਹਾਸ ਦੇ ਪੰਨਿਆਂ ਨੂੰ ਸੰਜੀਦਗੀ ਨਾਲ ਵਿਚਾਰੀਏ ਤਾਂ ਸਪੱਸ਼ਟ ਹੁੰਦਾ ਹੈ ਕਿ ਗੌਰਵਮਈ ਸਿੱਖ ਵਿਰਸੇ ਦੇ ਭਾਗੀਦਾਰ ਰਬਾਬੀ ਕੀਰਤਨੀਏ ਰਹੇ ਹਨ। ਸਿੱਖ ਧਰਮ ਦੇ ਸੰਸਥਾਪਕ ਗੁਰੂ ਨਾਨਕ ਦੇਵ ਜੀ ਨੇ ਗੁਰਬਾਣੀ ਨੂੰ ਸੰਗੀਤਮਈ ਰੰਗਣ ਦੇਣ ਲਈ ਰਾਗਾਂ ਵਿੱਚ ਰਾਗ-ਬੱਧ ਕੀਤਾ ਤੇ ਰਬਾਬ ਸਾਜ਼ ਨਾਲ ਬਾਣੀ ਨੂੰ ਗਾ ਕੇ ਪਰਮੇਸ਼ਰ ਦੀ ਸਿਫ਼ਤਿ-ਸਾਲਾਹ ਕੀਤੀ। ਆਪਣੇ ਆਪ ਨੂੰ ਹੀ ਨਹੀਂ ਸਗੋਂ ਲੁਕਾਈ ਨੂੰ ਦੁਨਿਆਵੀ ਬੰਧਨਾਂ ਤੋਂ ਤੋੜ ਪਰਮੇਸ਼ਰ ਦੇ ਪਿਆਰ ਵਿੱਚ ਬੰਨ੍ਹ ਦਿੱਤਾ। ਗੁਰੂ ਸਾਹਿਬਾਂ ਨੇ ਕਿਸੇ ਅਕਹਿ ਸੁਆਦ, ਪਿਆਰ ਤੇ ਵਿਸਮਾਦ ਵਿੱਚ ਜਦੋਂ ਬਾਣੀ ਦਾ ਗਾਇਣ ਕੀਤਾ ਤਾਂ ਉਨ੍ਹਾਂ ਦਾ ਸਾਥੀ ਮਰਦਾਨਾ ਉਨ੍ਹਾਂ ਦਾ ਰੂਪ ਹੀ ਬਣ ਗਿਆ। ਜਿਥੇ ਗੁਰੂ ਨਾਨਕ ਦੇਵ ਜੀ ਨੂੰ ਰਬਾਬ ਸਾਜ਼ ਪਿਆਰਾ ਸੀ, ਉੱਥੇ ਰਬਾਬ ਨਾਲ ਸੰਗੀਤ ਪੈਦਾ ਕਰਨ ਵਾਲਾ ਰਬਾਬੀ ਵੀ ਅਤਿ ਪਿਆਰਾ ਲੱਗਣ ਲੱਗ ਪਿਆ। ਭਾਈ ਗੁਰਦਾਸ ਜੀ ਇਸ ਪ੍ਰਤੀ ਸੰਕੇਤ ਕਰਦੇ ਹਨ :

ਇਕ ਬਾਬਾ ਅਕਾਲ ਰੂਪੁ ਦੂਜਾ ਰਬਾਬੀ ਮਰਦਾਨਾ॥

ਇਸ ਤਰ੍ਹਾਂ ਰਬਾਬੀ ਪ੍ਰੰਪਰਾ ਗੁਰੂ ਘਰ ਦਾ ਅਨਿੱਖੜਵਾਂ ਤੇ ਨਿਵੇਕਲਾ ਅੰਗ ਬਣ ਗਈ। ਇਤਿਹਾਸ ਗਵਾਹ ਹੈ ਕਿ ਜਦੋਂ ਗੁਰੂ ਨਾਨਕ ਦੇਵ ਜੀ ਨੇ ਗੁਰੂ ਅੰਗਦ ਦੇਵ ਜੀ ਨੂੰ ਗੁਰਗੱਦੀ ਦਿੱਤੀ ਤਾਂ ਕੀਰਤਨ ਕਰਨ ਲਈ ਰਬਾਬੀ ਬਲਵੰਡ ਨੂੰ ਵੀ ਨਾਲ ਭੇਜਿਆ। ਉਨ੍ਹਾਂ ਤੋਂ ਬਾਅਦ ਗੁਰੂ ਸਥਾਨਾਂ 'ਤੇ ਕੀਰਤਨ ਰਬਾਬੀਆਂ ਦੁਆਰਾ ਹੋਣ ਲੱਗ ਪਿਆ। ਗੁਰੂ ਗਾਥਾਵਾਂ ਵਿੱਚ ਭਾਈ ਸੱਤਾ, ਭਾਈ ਰਜਾਦਾ, ਭਾਈ ਬਾਬਕ ਆਦਿ ਦਾ ਜ਼ਿਕਰ ਆਮ ਮਿਲਦਾ ਹੈ। ਰਬਾਬੀ ਕਿਉਂਕਿ ਗੁਰੂ ਘਰ ਵਿੱਚ, ਕੀਰਤਨ ਪੀੜ੍ਹੀ-ਦਰ-ਪੀੜ੍ਹੀ ਕਰਦੇ ਆਏ ਹਨ, ਇਸ ਕਰਕੇ ਉਹਨਾਂ ਦੀ ਕੀਰਤਨ ਸ਼ੈਲੀ ਵਿੱਚ ਨਿਖਾਰ ਆਉਂਦਾ ਗਿਆ ਤੇ ਉਹ ਮੁਹਾਰਤ ਹਾਸਲ ਕਰਦੇ ਗਏ। ਉਹ ਵੱਡੇ-ਵੱਡੇ ਘਰਾਣਿਆਂ ਦੇ ਮੁਸਲਮਾਨ ਗਵੱਈਆਂ ਦੇ ਸ਼ਾਗਿਰਦ ਬਣ ਕੇ ਸਿਖਲਾਈ ਵੀ ਪ੍ਰਾਪਤ ਕਰਦੇ ਰਹੇ। ਉਨ੍ਹਾਂ ਆਪਣਾ ਜੀਵਨ ਸੰਗੀਤ ਕਲਾ ਨੂੰ ਅਰਪਿਤ ਕਰ ਦਿੱਤਾ।

ਉਨ੍ਹਾਂ ਦੇ ਕੀਰਤਨ ਵਿਚ ਮਾਂਜੇ-ਸੰਵਾਰੇ ਹੋਏ ਗਵੱਈਆਂ ਦੀ ਤਰ੍ਹਾਂ ਨਿਵੇਕਲਾਪਨ ਹੁੰਦਾ ਸੀ। ਉਹ ਕੀਰਤਨ ਸਮੇਂ ਦੋ-ਦੋ ਘੰਟੇ ਦੀ ਚੌਕੀ ਭਰਦੇ ਸਨ। ਚੌਕੀ ਆਰੰਭ ਕਰਨ ਵੇਲੇ ਲਹਿਰਾ ਜਾਂ ਨਗ਼ਮਾ ਵਜਾਉਂਦੇ, ਜਿਸ ਵਿੱਚ ਤਬਲੇ ਵਾਲਾ ਆਪਣੇ ਕਲਾਪੂਰਨ ਜੌਹਰ ਵਿਖਾਉਂਦਾ। ਫਿਰ ਮੰਗਲਾਚਰਨ ਕੀਤਾ ਜਾਂਦਾ। ਇਹ ਡੰਡਉਤ ਸ਼ਾਸਤਰੀ ਸੰਗੀਤ ਦੇ ਅਲਾਪ ਦੇ ਵੱਡੇ ਖ਼ਿਆਲ ਸ਼ੈਲੀ ਅਨੁਸਾਰ ਹੁੰਦੀ ਸੀ। ਇਸ ਵਿੱਚ ਰਾਗ ਦਾ ਸਰੂਪ ਬਣਾਇਆ ਜਾਂਦਾ, ਜਿਸ ਵਿਚ ਰਬਾਬੀ ਕੀਰਤਨੀਏ 'ਰਾਗ ਨੂੰ ਖੜਾ ਕਰਨਾ' ਕਹਿੰਦੇ ਸਨ। ਉਸ ਤੋਂ ਬਾਅਦ ਧਰੁਪਦ ਸ਼ੈਲੀ ਵਿਚ ਸ਼ਬਦ ਗਾਇਆ ਜਾਂਦਾ। ਕਲਾਸੀਕਲ ਸੰਗੀਤ ਸ਼ੈਲੀ ਵਿੱਚ ਇਸ ਨੂੰ ਇੱਕ ਬਿਖੜੀ ਸ਼ੈਲੀ ਮੰਨਿਆ ਜਾਂਦਾ ਸੀ। ਕੋਈ ਸੁਰ, ਤਾਲ, ਲੈਅ ਦਾ ਧਨੀ ਹੀ ਇਸ ਸ਼ੈਲੀ ਵਿਚ ਗਾ ਸਕਦਾ ਸੀ। ਇਸ ਸ਼ੈਲੀ ਦੀ ਗਾਇਕੀ ਵਿੱਚ ਤਬਲੇ ਦੀ ਸੰਗਤ ਕਰਨ ਵਾਲਾ ਵੀ ਆਪਣੀ ਕਲਾ ਵਿਚ ਪ੍ਰਬੀਨ ਹੁੰਦਾ ਸੀ। ਹਰ ਕੋਈ ਉਹਨਾਂ ਕੋਲੋਂ ਕੀਰਤਨ ਸੁਣ ਕੇ ਆਨੰਦ ਮਾਣਦਾ, ਪਰ ਉਨ੍ਹਾਂ ਦੀ ਗਾਇਕੀ ਵਿੱਚ ਉਮਰਾਂ ਦਾ ਰਿਆਜ਼ ਤੇ ਸਾਧਨਾ ਪ੍ਰਬਲ ਹੁੰਦੀ ਸੀ।

ਇਸ ਗੱਲ ਦੀ ਸ਼ਾਹਦੀ ਸਿੱਖ ਇਤਿਹਾਸ ਭਰਦਾ ਹੈ ਕਿ ਰਬਾਬੀ ਕੀਰਤਨੀਏ ਰਬਾਬੀ ਘਰਾਣੇ ਨਾਲ ਸੰਬੰਧਿਤ ਸਨ। ਇਸ ਲਈ ਆਪਣੀ ਸੰਤਾਨ ਨੂੰ ਸੰਗੀਤ ਵਿੱਦਿਆ ਦਿਵਾਉਣ ਲਈ ਉਹ ਮੁਸਲਮਾਨ ਉਸਤਾਦਾਂ ਕੋਲ ਭੇਜਦੇ ਸਨ। ਹੌਲੀ-ਹੌਲੀ ਇਹਨਾਂ ਨੂੰ ਆਪਣੀ ਗਾਇਕੀ 'ਤੇ ਹੰਕਾਰ ਹੋ ਗਿਆ। ਇਸ ਦੀ ਮਿਸਾਲ ਸਾਨੂੰ ਗੁਰੂ ਅਰਜਨ ਦੇਵ ਸਾਹਿਬ ਜੀ ਵੇਲੇ ਮਿਲਦੀ ਹੈ ਜਦੋਂ ਉਨ੍ਹਾਂ ਦੇ ਸਮੇਂ ਦੇ ਰਬਾਬੀ ਸੱਤਾ ਤੇ ਬਲਵੰਡ ਹੰਕਾਰੀ ਹੋ ਗਏ ਤੇ ਗੁਰੂ ਨਾਨਕ ਦੇ ਦਰ ਦੀ ਨਿੰਦਿਆ ਕਰਨ ਲੱਗੇ ਤਾਂ ਗੁਰੂ ਸਾਹਿਬਾਨ ਨੇ ਗੁਰਬਾਣੀ ਕੀਰਤਨ ਦੀ ਦਾਤ ਸਿੱਖ ਸੰਗਤਾਂ ਦੀ ਝੋਲੀ ਪਾ ਦਿੱਤੀ। ਭਾਵੇਂ ਬਖ਼ਸ਼ਣਹਾਰ ਗੁਰੂ ਨੇ ਉਨ੍ਹਾਂ ਨੂੰ ਬਖ਼ਸ਼ ਦਿੱਤਾ ਤੇ ਰਬਾਬੀ ਗੁਰੂ ਘਰ ਦੇ ਕੀਰਤਨੀਏ ਬਣੇ ਰਹੇ, ਪਰ ਇਸ ਅਦੁੱਤੀ ਪ੍ਰੰਪਰਾ ਦੇ ਭਾਗੀਦਾਰ ਸਿੱਖ ਰਾਗੀ ਵੀ ਬਣ ਗਏ।

ਸਿੰਘ ਸਭਾ ਲਹਿਰ ਦੇ ਆਰੰਭ ਹੋਣ ਨਾਲ ਵੀ ਸਿੱਖਾਂ ਵਿਚ ਕੀਰਤਨ ਦੀ ਲਹਿਰ ਪ੍ਰਚੰਡ ਰੂਪ ਧਾਰਨ ਕਰ ਗਈ। ਸਿੰਘ ਸਭਾ ਲਹਿਰ ਅਧੀਨ ਕੀਰਤਨੀਆਂ ਲਈ ਸਿੱਖ

ਰਹਿਤ ਮਰਯਾਦਾ ਦਾ ਧਾਰਨ ਕਰਨਾ ਲਾਜ਼ਮੀ ਕਰ ਦਿੱਤਾ ਗਿਆ, ਜਿਸ ਕਰਕੇ ਰਬਾਬੀ ਕੀਰਤਨੀਏ ਜੋ ਸੰਗੀਤ ਨਿਪੁੰਨਤਾ ਤਾਂ ਰੱਖਦੇ ਸਨ, ਪਰ ਗੁਰਬਾਣੀ ਪ੍ਰਤੀ ਸ਼ਰਧਾ-ਪ੍ਰੇਮ ਨਾ ਹੋਣ ਕਾਰਨ, ਨਸ਼ਿਆਂ ਦੇ ਸੇਵਨ ਦੇ ਅਧਿਕਾਰੀ ਹੋਣ ਕਾਰਨ, ਅੰਮ੍ਰਿਤਧਾਰੀ ਨਾ ਹੋਣ ਕਾਰਨ, ਉਨ੍ਹਾਂ ਨਾਲ ਸਾਂਝ ਰੱਖਣੀ ਮੁਸ਼ਕਲ ਹੋ ਗਈ। ਪਰ ਜਿਨ੍ਹਾਂ ਰਬਾਬੀਆਂ ਨੇ ਸਿੱਖੀ ਸਰੂਪ ਸਿਧਾਂਤ ਧਾਰਨ ਕਰ ਲਿਆ, ਉਨ੍ਹਾਂ ਦੀ ਸੇਵਾ ਪ੍ਰਵਾਨ ਕਰ ਲਈ ਗਈ।

ਗੁਰੂ ਅਸਥਾਨਾਂ 'ਤੇ ਸਮੇਂ-ਸਮੇਂ ਤੋਂ ਕਈ ਪ੍ਰਕਾਰ ਦੀਆਂ ਕੀਰਤਨ-ਪੱਧਤੀਆਂ ਅਪਣਾਈਆਂ ਜਾਂਦੀਆਂ ਰਹੀਆਂ। ਸਾਰੇ ਰਾਗੀ ਆਪਣੀ ਰੁਚੀ ਅਨੁਸਾਰ ਗਾਇਣ-ਸ਼ੈਲੀ ਅਪਣਾਉਂਦੇ ਤਾਂ ਜੋ ਆਪਣੀ ਵੱਖਰੀ ਪਛਾਣ ਬਣਾ ਸਕਣ। ਕਿਸੇ ਦੀ ਗਾਇਣ-ਸ਼ੈਲੀ ਵਿੱਚ ਰਾਗ ਦੀ ਪ੍ਰਧਾਨਤਾ ਹੈ, ਕਿਸੇ ਵਿੱਚ ਸ਼ਬਦ ਦੀ, ਕਿਸੇ ਵਿੱਚ ਪ੍ਰਮਾਣ ਦੀ, ਕਿਸੇ ਵਿੱਚ ਸਾਜ਼ ਦੀ, ਪਰ ਇਥੇ ਪ੍ਰੰਪਰਾਵਾਦੀ ਕੀਰਤਨ ਪੱਧਤੀ ਦਾ ਉਲੇਖ ਕਰਨਾ ਜ਼ਰੂਰੀ ਹੈ, ਜੋ ਪ੍ਰੋ. ਪਰਮਜੋਤ ਸਿੰਘ ਨੇ "ਕਿਨਿ ਬਿਧਿ ਕੀਰਤਨੁ ਗਾਏ ਜੀਉ" ਸਿਰਲੇਖ ਹੇਠ ਆਪਣੇ ਪਰਚੇ ਵਿੱਚ ਦਿੱਤਾ ਹੈ। ਪ੍ਰੰਪਰਾਵਾਦੀ ਕੀਰਤਨ ਪੱਧਤੀ ਦਾ ਧੁਰਾ ਅਸੀਂ ਹਰਿਮੰਦਰ ਸਾਹਿਬ ਨੂੰ ਮੰਨਦੇ ਹਾਂ। ਇਹ ਇਕ ਐਸਾ ਅਸਥਾਨ ਹੈ ਜਿਥੇ ਗੁਰੂ ਆਸ਼ੇ ਤੇ ਮਰਯਾਦਾ-ਬੱਧ ਤੌਰ 'ਤੇ ਕੀਰਤਨ ਹੁੰਦਾ ਹੈ। ਇਸ ਮਰਯਾਦਾ ਦੇ ਮੋਢੀ ਭਾਈ ਮਨੀ ਸਿੰਘ ਜੀ ਮੰਨੇ ਜਾਂਦੇ ਹਨ। ਇਸ ਮਰਯਾਦਾ ਅਧੀਨ ਕੀਰਤਨ ਦੀਆਂ ਚਾਰ ਚੌਕੀਆਂ ਲੱਗਦੀਆਂ ਹਨ। ਆਸਾ ਦੀ ਵਾਰ ਦੀ ਚੌਕੀ ਵਿਚ ਛੰਤ, ਸਲੋਕ ਤੇ ਪਉੜੀ ਲਾਉਣ ਦਾ ਢੰਗ ਆਪਣੇ-ਆਪ ਵਿੱਚ ਨਿਵੇਕਲਾ ਤੇ ਵਿਲੱਖਣ ਹੈ। ਉਸ ਤੋਂ ਉਪਰੰਤ ਬਿਲਾਵਲ, ਸ਼ਾਮ ਨੂੰ ਸੋਦਰੁ ਤੇ ਰਾਤ ਨੂੰ ਕਲਿਆਣ ਰਾਗ ਦੀ ਚੌਕੀ ਕੀਰਤਨ-ਪ੍ਰੇਮੀਆਂ ਨੂੰ ਅਨੂਠਾ ਰਸ ਪ੍ਰਦਾਨ ਕਰਦੀ ਹੈ।

ਚੌਕੀ ਚਾਰ ਪ੍ਰਬੰਧਾਂ 'ਤੇ ਆਧਾਰਿਤ ਹੈ। ਪਹਿਲਾਂ ਮੰਗਲਾਚਰਨ, ਫਿਰ ਵੱਡੇ ਤਾਲ ਵਿਚ ਗਾਈ ਧਰੁਪਦ, ਧਮਾਰ ਸ਼ੈਲੀ ਦੀ ਬੰਦਿਸ਼, ਫਿਰ ਸੁਗਮ ਰੀਤ ਅਤੇ ਅੰਤ ਵਿੱਚ ਵਾਰ ਦੀ ਪਉੜੀ ਨਾਲ ਚੌਕੀ ਨੂੰ ਸਮਾਪਤ ਕੀਤਾ ਜਾਂਦਾ ਹੈ।

ਰੁੱਤਾਂ ਦੇ ਬਦਲਣ ਨਾਲ ਹਰਿਮੰਦਰ ਸਾਹਿਬ ਦਾ ਕੀਰਤਨ ਹੋਰ ਵੀ ਰਾਗਮਈ ਹੋ ਜਾਂਦਾ ਹੈ। ਬਸੰਤ ਰਾਗ ਦਾ ਕੀਰਤਨ ਮਾਘੀ ਵਾਲੇ ਦਿਨ ਤੋਂ ਆਰੰਭ ਹੋ ਜਾਂਦਾ ਹੈ। ਸਾਵਣ ਤੇ ਭਾਦੋਂ ਮਹੀਨੇ ਵਿੱਚ ਮਲਾਰ ਰਾਗ ਛਾਇਆ ਰਹਿੰਦਾ ਹੈ। ਇਸ ਪ੍ਰੰਪਰਾਵਾਦੀ ਕੀਰਤਨ-ਪੱਧਤੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਰਾਗਾਂ, ਤਾਲਾਂ, ਪੜਤਾਲਾਂ, ਵਾਰਾਂ ਤੇ ਧੁਨੀਆਂ ਨੂੰ ਮੌਲਿਕ ਸ਼ੈਲੀ ਵਜੋਂ ਅਪਣਾਇਆ ਹੈ। ਇਹ ਪੱਧਤੀ ਆਪਣੇ ਆਪ ਵਿਚ ਸਾਡਾ ਵਡਮੁੱਲਾ ਤੇ ਅਮੋਲਕ ਖ਼ਜ਼ਾਨਾ ਸਮੋਈ ਬੈਠੀ ਹੈ।

ਸ੍ਰੀ ਹਰਿਮੰਦਰ ਸਾਹਿਬ ਵਿਚ ਪ੍ਰਚਲਿਤ ਪ੍ਰੰਪਰਾਵਾਦੀ ਕੀਰਤਨ-ਪੱਧਤੀ ਤੋਂ ਬਿਨਾਂ, ਵਿਆਖਿਆ ਪ੍ਰਧਾਨ, ਪ੍ਰਮਾਣ ਪ੍ਰਧਾਨ, ਸਾਜ਼ ਪ੍ਰਧਾਨ, ਸ਼ਬਦ-ਰੀਤ ਪ੍ਰਧਾਨ, ਸਮੂਹਿਕ ਤੇ ਅਖੰਡ ਕੀਰਤਨ ਪਰਿਪਾਟੀਆਂ ਨੂੰ ਵੱਖਰੇ-ਵੱਖਰੇ ਰਾਗੀਆਂ ਦੁਆਰਾ ਵੱਖਰੇ-ਵੱਖਰੇ ਢੰਗਾਂ ਨਾਲ ਅਪਣਾਇਆ ਜਾ ਰਿਹਾ ਹੈ। ਪਰ ਅਜੋਕੇ ਸਮੇਂ ਵਿਚ ਵਿੱਦਿਅਕ ਅਦਾਰਿਆਂ ਵਿੱਚ ਸ਼ਬਦ ਗਾਇਣ ਪ੍ਰਤੀਯੋਗਤਾਵਾਂ ਸੰਗਠਿਤ ਹੋਣ ਕਰਕੇ

ਤੇ ਗੁਰੂ ਗ੍ਰੰਥ ਸਾਹਿਬ ਜੀ ਦੇ ਰਾਗਾਂ ਵਿੱਚ ਖੋਜ ਸੰਬੰਧੀ ਕਾਰਜਾਂ ਕਰਕੇ ਤੇ ਅਦੁੱਤੀ ਸੰਗੀਤ ਸੰਮੇਲਨਾਂ ਕਰਕੇ ਨਿਰਧਾਰਿਤ ਰਾਗਾਂ ਵਿੱਚ ਕੀਰਤਨ ਕਰਨ ਨੂੰ ਤਰਜੀਹ ਦਿੱਤੀ ਜਾਂਦੀ ਹੈ, ਇਸ ਕਰਕੇ ਸੰਗਤਾਂ ਵਲੋਂ ਰਾਗ ਪ੍ਰਧਾਨ ਕੀਰਤਨ ਸੁਣਨ ਦੀ ਰੁਚੀ ਪ੍ਰਬਲ ਹੋ ਰਹੀ ਹੈ। ਅੱਜ ਇਹ ਮਹਿਸੂਸ ਕੀਤਾ ਜਾਂਦਾ ਹੈ ਕਿ ਜਦੋਂ ਸ਼ਬਦ ਨੂੰ ਰਾਗ ਵਿੱਚ ਮਰਯਾਦਾ-ਬੱਧ ਕਰ ਕੇ, ਧੁਨੀ ਪ੍ਰਬੰਧ ਅਨੁਸਾਰ ਗਾਇਆ ਜਾਂਦਾ ਹੈ ਤਾਂ ਮਨੁੱਖੀ ਮਨ ਦੀਆਂ ਤਰਬਾਂ ਲਰਜ਼ਿਤ ਹੋ ਜਾਂਦੀਆਂ ਹਨ, ਪਰ ਰਾਗ ਪ੍ਰਧਾਨ ਕੀਰਤਨ ਦੋ ਪ੍ਰਕਾਰ ਦਾ ਪ੍ਰਚਲਿਤ ਹੋ ਰਿਹਾ ਹੈ। ਇੱਕ ਵਿੱਚ ਸ਼ਬਦ ਉੱਤੇ ਰਾਗ ਭਾਰੂ ਹੋ ਰਿਹਾ ਹੈ ਤੇ ਦੂਸਰੇ ਵਿੱਚ ਸ਼ਬਦ ਨੂੰ ਪ੍ਰਧਾਨਤਾ ਦੇ ਕੇ ਰਾਗਬੱਧ ਕਰਨ ਦਾ ਯਤਨ ਕੀਤਾ ਜਾਂਦਾ ਹੈ ਤਾਂ ਜੋ ਸ਼ਬਦ ਦਾ ਅਰਥ ਭਾਵ ਤੇ ਰਸ ਕਾਇਮ ਰਹਿ ਸਕੇ। ਰਾਗ-ਭਾਰੂ ਕੀਰਤਨ ਸਮੇਂ ਰਾਗੀ ਰਾਗ ਦੀਆਂ ਬਾਰੀਕੀਆਂ, ਕਲਾਕਾਰੀ ਤਾਨਾਂ ਤੇ ਸਰਗਮਾਂ ਦਾ ਪ੍ਰਯੋਗ ਕਰ ਕੇ ਆਪਣੀ ਕਲਾ ਦੇ ਜੌਹਰ ਦਿਖਾਉਣ ਵਿੱਚ ਮਸਤ ਹੋ ਜਾਂਦਾ ਹੈ ਤੇ ਤਬਲੇ ਵਾਲਾ ਕਲਾ ਕੁਸ਼ਲਤਾ ਦਿਖਾਉਣ ਲਈ ਬਰਾਬਰ 'ਤੇ ਆ ਜਾਂਦਾ ਹੈ। ਉਹਨਾਂ ਦੀ ਅਜਿਹੀ ਪੇਸ਼ਕਾਰੀ ਮਨ ਤੇ ਬੁੱਧੀ ਤਕ ਸੀਮਿਤ ਰਹਿੰਦੀ ਹੈ ਤੇ ਕਲਾ ਪੱਖ ਪੇਸ਼ ਹੋਣ ਕਰਕੇ ਹਉਮੈ ਦਾ ਪ੍ਰਗਟਾਵਾ ਪੇਸ਼ ਕਰਦੀ ਹੈ। ਅਜਿਹੇ ਰਾਗੀਆਂ ਨੂੰ ਅਜਿਹੀ ਸੂਝ ਨਹੀਂ ਕਿ ਗੁਰਬਾਣੀ ਨੂੰ ਰਾਗਮਈ ਢੰਗ ਨਾਲ ਗਾਉਣ ਦਾ ਮਨੋਰਥ ਆਤਮਿਕ ਬਲ ਪ੍ਰਾਪਤ ਕਰ ਕੇ ਅਗੰਮੀ ਰਸ ਦਾ ਸੰਚਾਰ ਕਰਨਾ ਹੈ। ਜਿਵੇਂ ਬੁੱਧੀ ਨੂੰ ਗਿਆਨ ਦੀ ਭੁੱਖ ਲੱਗਦੀ ਹੈ, ਇਵੇਂ ਹੀ ਆਤਮਾ ਨੂੰ ਨਾਦ ਦੀ। ਨਾਦ ਜੇਕਰ ਸ਼ਬਦ ਰੂਪ ਵਿਚ, ਅਰਥ ਭਰਪੂਰ ਹੋਵੇ ਤਾਂ ਆਤਮਾ ਵਧੇਰੇ ਬਲਵਾਨ ਹੁੰਦੀ ਹੈ ਤੇ ਉਸ ਇਕ ਔਕੜ ਵਿੱਚ ਸ਼ਰਧਾ, ਪ੍ਰੇਮ, ਵੈਰਾਗ ਤੇ ਪਿਆਰ ਦੇ ਭਾਵ ਉਪਜਦੇ ਹਨ ਜੋ ਉਸ ਨੂੰ ਅਗੰਮੀ ਹੁਲਾਰਾ ਦਿੰਦੇ ਹਨ। ਬਾਣੀ ਤੇ ਰਾਗ ਦੀ ਦੂਹਰੀ ਖਿੱਚ ਨਾਲ ਹਿਰਦਾ ਕੋਮਲ ਹੁੰਦਾ ਹੈ ਤੇ ਚਿਹਰੇ 'ਤੇ ਰੂਹਾਨੀ ਰੰਗਤ ਆਉਂਦੀ ਹੈ ਤੇ ਮਨ ਵਿੱਚ ਸਮੋਏ ਪੰਜੇ ਵਿਕਾਰਾਂ ਦੀ ਮੈਲ ਧੋਤੀ ਜਾਂਦੀ ਹੈ। ਉਹ ਚੜ੍ਹਦੀ ਕਲਾ ਵਿੱਚ ਵਿਚਰਨ ਲੱਗ ਪੈਂਦਾ ਹੈ :

> ਮੁਕਤਿ ਭੁਗਤਿ ਜੁਗਤਿ ਤੇਰੀ ਸੇਵਾ ਜਿਸੁ ਤੂੰ ਆਪ ਕਰਾਇਹਿ ॥
> ਤਹਾ ਬੈਕੁੰਠੁ ਜਹ ਕੀਰਤਨੁ ਤੇਰਾ ਤੂੰ ਆਪੇ ਸਰਧਾ ਲਾਇਹਿ ॥
>
> *(ਪੰਨਾ 749)*

ਗੁਰਬਾਣੀ ਦਾ ਰਾਗ-ਵਿਧਾਨ-ਪ੍ਰਬੰਧ ਪ੍ਰੰਪਰਾਵਾਦੀ ਭਾਰਤੀ ਸ਼ਾਸਤਰੀ ਸੰਗੀਤ ਤੋਂ ਇਸ ਲਈ ਅੱਡਰਾ ਹੈ ਕਿ ਇਸ ਵਿਚਲਾ ਰਾਗ-ਵਿਧਾਨ ਗੁਰਮਤਿ ਵਿਚਾਰਧਾਰਾ ਅਨੁਕੂਲ ਹੈ ਜੋ ਮਨ ਦੀ ਚੰਚਲਤਾ ਨੂੰ ਠੱਲ੍ਹ ਪਾ ਕੇ ਸਹਿਜ ਅਵਸਥਾ ਵਿੱਚ ਲਿਜਾਂਦਾ ਹੈ।

ਸੋ ਰਾਗ ਦੀ ਪ੍ਰਧਾਨਤਾ ਨੂੰ ਮਹਿਸੂਸ ਕਰਦਿਆਂ ਹੋਇਆਂ ਕੁਝ ਕੁ ਪਰਿਪੱਕ ਰਾਗੀਆਂ ਨੇ ਇਸ ਪ੍ਰਕਾਰ ਦੇ ਕੀਰਤਨ ਨੂੰ ਤਰਜੀਹ ਦਿੱਤੀ ਹੈ। ਇਸ ਪੱਖੋਂ ਵੀਹਵੀਂ ਸਦੀ ਦੇ ਅੰਤਲੇ ਦਹਾਕੇ ਵਿੱਚ ਬਾਬਾ ਸੁੱਚਾ ਸਿੰਘ ਵੱਲੋਂ ਅਦੁੱਤੀ ਗੁਰਮਤਿ ਸੰਗੀਤ ਸੰਮੇਲਨ ਕਰਵਾ ਕੇ ਤੇ ਰਾਗਾਂ ਦੇ ਸਰੂਪਾਂ ਨੂੰ ਨਿਯਮਿਤ ਕਰ ਕੇ ਰਾਗ-ਬੱਧ ਕੀਰਤਨ ਪਰਿਪਾਟੀ ਨੂੰ ਅਗਾਂਹ ਤੋਰਨ ਦਾ ਯਤਨ ਕੀਤਾ ਹੈ। ਅਜਿਹਾ ਕਰਨ ਨਾਲ ਰਾਗੀਆਂ

ਵਿਚ ਸਖ਼ਤ ਮਿਹਨਤ, ਰਿਆਜ਼ ਕਰਨ ਦੀ ਰੁਚੀ ਪੈਦਾ ਹੋਈ ਹੈ ਤੇ ਉਹ ਦੂਸਰਿਆਂ ਦੀ ਤੁਲਨਾ ਵਿੱਚ ਆਪਣਾ ਸਵੈ-ਵਿਸ਼ਲੇਸ਼ਣ ਕਰਨ ਦੇ ਯੋਗ ਹੋ ਸਕੇ ਹਨ ਤੇ ਸਰੋਤਿਆਂ ਦੀ ਸੁਰਤੀ ਨੂੰ ਪਹਿਚਾਣ ਸਕਣ ਦੇ ਵੀ ਕਾਬਲ ਹੋ ਸਕੇ ਹਨ।

ਗੁਰੂ ਅਰਜਨ ਦੇਵ ਜੀ ਨੇ "ਭਲੋ ਭਲੋ ਰੇ ਕੀਰਤਨੀਆ" ਦਾ ਅਸ਼ੀਰਵਾਦ ਰਾਗੀ ਸਿੰਘਾਂ ਨੂੰ ਦਿੱਤਾ। ਇਸ ਲਿਖਤ ਰਾਹੀਂ ਇਹ ਵਾਚਣਾ ਵੀ ਜ਼ਰੂਰੀ ਹੈ ਕਿ ਉਹ ਕਿਹੜੇ ਗੁਰੂ ਵੱਲੋਂ ਵਰੋਸਾਏ ਕੀਰਤਨੀਏ ਹੋਏ ਹਨ, ਜਿਨ੍ਹਾਂ ਸਮੇਂ-ਸਮੇਂ 'ਤੇ ਗੁਰੂ ਘਰ ਦੀਆਂ ਅਗੰਮੀ ਖ਼ੁਸ਼ੀਆਂ ਵੀ ਪ੍ਰਾਪਤ ਕੀਤੀਆਂ ਤੇ ਸੰਗਤਾਂ ਦਾ ਅਤੁੱਟ ਪਿਆਰ ਵੀ ਉਨ੍ਹਾਂ ਦੀ ਝੋਲੀ ਪਿਆ, ਜਿਸ ਸਦਕਾ ਉਹਨਾਂ ਨੂੰ ਸੰਗਤਾਂ ਦੀਆਂ ਅਸੀਸਾਂ ਮਿਲੀਆਂ ਤੇ ਉਹ ਕੀਰਤਨੀਏ ਵਜੋਂ ਬਾਕੀਆਂ ਲਈ ਪ੍ਰੇਰਨਾ ਸਰੋਤ ਬਣ ਗਏ। ਉਨ੍ਹਾਂ ਦੇ ਜੀਵਨ ਵਿਚੋਂ ਕੁਝ ਇਹੋ ਜਿਹੀਆਂ ਠੰਡੀਆਂ ਮਿੱਠੀਆਂ ਕਿਰਨਾਂ ਨਾਲ ਗੁਰਮਤਿ-ਕੀਰਤਨ-ਸ਼ੈਲੀ ਰੁਸ਼ਨਾ ਰਹੀ ਹੈ, ਜਿਨ੍ਹਾਂ ਦਾ ਜ਼ਿਕਰ ਅਜੋਕੇ ਰਾਗੀਆਂ ਨੂੰ ਰਹਿਨੁਮਾਈ ਤੇ ਅਗਵਾਈ ਬਖ਼ਸ਼ ਸਕਦਾ ਹੈ।

ਭਾਈ ਸਾਈਂ ਦਿੱਤਾ ਜੀ

ਆਪ ਸ੍ਰੀ ਹਰਿਮੰਦਰ ਸਾਹਿਬ ਦੇ ਹਜ਼ੂਰੀ ਰਾਗੀ ਸਨ। ਇਨ੍ਹਾਂ ਦੀ ਕੀਰਤਨ ਕਲਾ ਬਾਰੇ ਇਥੋਂ ਤਕ ਲੋਕ-ਵਿਸ਼ਵਾਸ ਸੀ ਕਿ ਜਦੋਂ ਉਹ ਮਲਾਰ ਰਾਗ ਗਾਉਂਦੇ ਸਨ ਤਾਂ ਮੀਂਹ ਜ਼ਰੂਰ ਪੈਂਦਾ ਸੀ। ਉਨ੍ਹਾਂ ਵਿੱਚ ਸਿਦਕ ਦੀ ਭਾਵਨਾ ਅੰਤਾਂ ਦੀ ਸੀ। ਉਹ ਗੁਰਬਾਣੀ ਦੇ ਕੀਰਤਨ ਤੋਂ ਬਿਨਾਂ ਹੋਰ ਕੁਝ ਨਹੀਂ ਸੀ ਗਾਉਂਦੇ। ਉਹ ਕਦੀ ਵੀ ਪਹਿਲਾਂ ਭੇਟਾ ਨਿਯਤ ਕਰ ਕੇ ਕੀਰਤਨ ਕਰਨ ਨਹੀਂ ਸੀ ਜਾਂਦੇ। ਲੋਕਾਂ ਨੇ ਉਹਨਾਂ ਨੂੰ ਕੇਵਲ ਇੱਕ ਰੁਪਇਆ ਭੇਟ ਕਰ ਕੇ ਵੀ ਵੇਖਿਆ, ਪਰ ਉਨ੍ਹਾਂ ਦੇ ਚਿਹਰੇ 'ਤੇ ਕਦੀ ਮਲਾਲ ਨਹੀਂ ਸੀ ਆਇਆ। ਉਹ ਮੁਸਲਮਾਨ ਰਬਾਬੀ ਹੋਣ ਦੇ ਬਾਵਜੂਦ ਸੰਗੀਤ ਸਿੱਖਿਆ ਦੇਣ ਵੇਲੇ ਵਿਦਿਆਰਥੀਆਂ ਵਿਚ ਜਾਤ-ਪਾਤ ਪੱਖੋਂ ਭਿੰਨ-ਭੇਦ ਨਹੀਂ ਸੀ ਕਰਦੇ। ਉਨ੍ਹਾਂ ਨੇ ਆਪਣੇ ਪੁੱਤਰਾਂ ਦੀ ਤਰ੍ਹਾਂ ਤਹਿ-ਦਿਲੋਂ ਸਿੱਖ ਬੱਚਿਆਂ ਨੂੰ ਵੀ ਸੰਗੀਤ ਵਿੱਦਿਆ ਦਿੱਤੀ। ਪ੍ਰਸਿੱਧ ਰਾਗੀ ਭਾਈ ਸੰਤਾ ਸਿੰਘ, ਭਾਈ ਸੁਰਜਨ ਸਿੰਘ ਤੇ ਪ੍ਰੋ. ਦਰਸ਼ਨ ਸਿੰਘ ਕੋਮਲ ਭਾਈ ਸਾਈਂ ਦਿੱਤਾ ਜੀ ਦੇ ਸ਼ਾਗਿਰਦ ਸਨ।

ਭਾਈ ਹੀਰਾ ਸਿੰਘ ਜੀ

ਸ. ਕੁਲਦੀਪ ਸਿੰਘ ਭਾਈ ਹੀਰਾ ਸਿੰਘ ਸੰਬੰਧੀ ਜਾਣਕਾਰੀ ਦਿੰਦੇ ਲਿਖਦੇ ਹਨ ਕਿ 1879 ਵਿਚ ਸ਼ਾਹਪੁਰ ਦੇ ਨੇੜੇ ਫਰੂਕੇ ਵਿਚ ਜਨਮੇ ਭਾਈ ਹੀਰਾ ਸਿੰਘ ਸਿੱਖ-ਪੰਥ ਦਾ ਇਕ ਕੋਹਿਨੂਰ ਹੀਰਾ ਸਾਬਤ ਹੋਏ। 19 ਸਾਲ ਦੀ ਉਮਰ ਵਿੱਚ ਭਾਈ ਵੀਰ ਸਿੰਘ ਦੇ ਨਿਕਟ ਵਿਚਰਦਿਆਂ ਆਪ ਦਾ ਦ੍ਰਿਸ਼ਟੀਕੋਣ ਵਿਸ਼ਾਲ ਹੋ ਗਿਆ। ਹਰਿਮੰਦਰ ਸਾਹਿਬ ਵਿਚ ਨਿਤਾਪ੍ਰਤਿ ਸੰਤ ਸ਼ਾਮ ਸਿੰਘ ਦਾ ਕੀਰਤਨ ਸੁਣਦੇ-ਸੁਣਦੇ ਕੀਰਤਨ ਸਿੱਖਣ ਲਈ ਉਤਾਵਲੇ ਹੋ ਗਏ ਤੇ ਕੀਰਤਨ ਸਿਖਲਾਈ ਮਹੰਤ ਤਖ਼ਤ ਸਿੰਘ ਪਾਸੋਂ ਹਾਸਲ ਕੀਤੀ। ਗੁਰਮਤਿ ਸਾਹਿਤ ਦਾ ਅਧਿਐਨ ਭਾਈ ਵੀਰ ਸਿੰਘ ਦੀ ਸੰਗਤ ਵਿੱਚੋਂ

ਪ੍ਰਾਪਤ ਕੀਤਾ। ਆਪ ਕੀਰਤਨ ਦੇ ਨਾਲ-ਨਾਲ ਵਿਖਿਆਨ ਵੀ ਕਰਦੇ ਸਨ। ਰਸਨਾ ਵਿੱਚ ਸਰੋਤਿਆਂ ਨੂੰ ਕੀਲ ਲੈਣ ਵਾਲਾ ਰਸ ਸੀ। ਆਪ ਦਾ ਜੀਵਨ ਗੁਰਮਤਿ ਮਰਯਾਦਾ ਅਨੁਸਾਰ ਘੜਿਆ ਹੋਇਆ ਜੀਵਨ ਸੀ। ਉਨ੍ਹਾਂ ਆਪਣਾ ਸਮਾਂ ਸਿੱਖੀ ਦੇ ਪ੍ਰਚਾਰ ਹਿੱਤ ਲਗਾਇਆ, ਨਾ ਕਿ ਰੁਜ਼ਗਾਰ ਹਿੱਤ। ਚੀਫ਼ ਖ਼ਾਲਸਾ ਦੀਵਾਨ ਦੀਆਂ ਸਿੱਖ ਐਜੂਕੇਸ਼ਨਲ ਕਾਨਫ਼ਰੰਸਾਂ ਵਿਚ ਵਿੱਦਿਅਕ ਆਸ਼ਰਮ ਖੋਲ੍ਹਣ ਸਮੇਂ ਉਹ ਕੀਰਤਨ ਦੀ ਸੇਵਾ ਨਿਭਾ ਕੇ ਵਿੱਦਿਅਕ ਸੰਸਥਾਵਾਂ ਲਈ ਮਾਇਆ ਇਕੱਤਰ ਕਰਦੇ। ਹਰ ਪ੍ਰਚਾਰ ਦੇ ਦੌਰੇ ਤੋਂ ਬਾਅਦ ਆਪਣੇ ਪਿੰਡ ਫਰੂਕਾ ਸਕੂਲ ਵਿਚ ਜ਼ਰੂਰ ਹਾਜ਼ਰੀ ਭਰਦੇ ਤਾਂ ਜੋ ਵਿਦਿਆਰਥੀਆਂ ਵਿਚ ਸਿੱਖੀ ਦਾ ਪ੍ਰਚਾਰ ਹੋ ਸਕੇ।

ਭਾਈ ਸਮੁੰਦ ਸਿੰਘ ਜੀ

ਪਿੰਡ ਮੁੱਲਾਂ-ਹਮਜ਼ਾਂ ਜ਼ਿਲ੍ਹਾ ਮਿੰਟਗੁਮਰੀ ਪਾਕਿਸਤਾਨ ਵਿੱਚ ਮਾਰਚ 1901 ਵਿੱਚ ਜਨਮੇ ਭਾਈ ਸਮੁੰਦ ਸਿੰਘ ਵੀਹਵੀਂ ਸਦੀ ਦੇ ਸਿਰਮੌਰ ਰਾਗੀਆਂ ਵਿੱਚੋਂ ਇੱਕ ਸਨ। ਉਨ੍ਹਾਂ ਅਕਾਲ ਪੁਰਖ ਵੱਲੋਂ ਲਗਾਈ ਕੀਰਤਨ ਦੀ ਸੇਵਾ ਨੂੰ 7 ਸਾਲ ਦੀ ਨਿੱਕੀ ਉਮਰੇ ਆਰੰਭ ਕੀਤਾ ਤੇ ਸਾਰੀ ਉਮਰ ਨਿਭਾਇਆ। ਗਾਇਕੀ ਦੇ ਪੱਖ ਤੋਂ ਰਬਾਬੀ ਗਵੱਈਏ ਵੀ ਉਨ੍ਹਾਂ ਦੀ ਗਾਇਕੀ ਦਾ ਸਿੱਕਾ ਮੰਨਦੇ ਸਨ। ਉਨ੍ਹਾਂ ਕੋਲ ਪੁਰਾਤਨ ਤੇ ਟਕਸਾਲੀ ਬੰਦਿਸ਼ਾਂ ਦਾ ਅਤੁੱਟ ਖ਼ਜ਼ਾਨਾ ਸੀ, ਜਿਨ੍ਹਾਂ ਨੂੰ ਗਾਉਣ ਲਈ ਸੁਰੀਲਾ ਕੰਠ, ਗਲੇ ਦੀ ਹਰਕਤ, ਤਾਨ ਦੀ ਸਫ਼ਾਈ, ਬੋਲ-ਵੰਡ ਆਦਿ ਉਨ੍ਹਾਂ ਦੀ ਗਾਇਕੀ ਦੇ ਵਿਸ਼ੇਸ਼ ਗੁਣ ਸਨ। ਕੀਰਤਨ-ਸ਼ੈਲੀ ਦੇ ਨਾਲ-ਨਾਲ ਬਾਣੀ ਦੀ ਸੂਝ ਤੇ ਸਪੱਸ਼ਟ ਉਚਾਰਨ, ਬਾਣੀ ਦੀ ਵਿਆਖਿਆ ਸੰਗਤਾਂ ਨੂੰ ਕੀਲ ਲੈਂਦੀ। ਉਨ੍ਹਾਂ ਦੀ ਇਹ ਇੱਕ ਵਡਿਆਈ ਸੀ ਕਿ ਉਹ ਸ਼ਬਦ ਆਰੰਭ ਕਰਨ ਤੋਂ ਪਹਿਲਾਂ ਵਿਲੰਬਿਤ ਇੱਕ ਤਾਲ ਵਿੱਚ ਮੰਗਲਾਚਰਨ ਕਰਦੇ ਜਿਸ ਰਾਹੀਂ ਰਾਗ ਦਾ ਸਰੂਪ ਸੁਤੇ-ਸਿੱਧ ਪ੍ਰਗਟ ਹੋ ਜਾਂਦਾ ਤੇ ਕੀਰਤਨ ਦਾ ਮਾਹੌਲ ਸਿਰਜਿਆ ਜਾਂਦਾ। ਇੱਕ ਵਾਰ ਸ. ਐਸ.ਐਸ. ਅਮੋਲ ਨੇ ਉਨ੍ਹਾਂ ਨੂੰ ਪੁੱਛਿਆ ਕਿ ਆਮ ਤੌਰ 'ਤੇ ਕੀਰਤਨ ਦੇ ਸਰੋਤੇ ਆਖਦੇ ਹਨ ਕਿ ਪੱਕੇ ਰਾਗਾਂ ਦੀ ਸਾਨੂੰ ਕੋਈ ਸਮਝ ਨਹੀਂ ਪੈਂਦੀ। ਪਤਾ ਨਹੀਂ ਤੁਹਾਡਾ ਕੀਰਤਨ ਕਿਵੇਂ ਸੰਗਤਾਂ ਨੂੰ ਖਿੱਚ ਪਾਉਂਦਾ ਹੈ? ਉਨ੍ਹਾਂ ਉੱਤਰ ਦਿੱਤਾ, "ਅਸਲ ਗੱਲ ਇਹ ਜਾਪਦੀ ਹੈ ਕਿ ਗੁਰੂ ਸਾਹਿਬਾਂ ਨੇ ਕੀਰਤਨ ਦੀ ਮਹਾਨਤਾ ਹੀ ਇਸ ਕਰਕੇ ਦੱਸੀ ਹੈ ਕਿ ਬਾਣੀ ਦੇ ਨਾਲ-ਨਾਲ ਜਦ ਸੰਗੀਤ ਤੇ ਰਾਗੀ ਦਾ ਗਲਾ ਰਲ ਜਾਂਦਾ ਹੈ ਤਾਂ ਉਹ ਕਠੋਰ ਮਨ 'ਤੇ ਵੀ ਅਸਰ ਕਰਦਾ ਹੈ। ਜੋ ਰਾਗੀ ਬਾਣੀ ਨੂੰ ਪਿੱਛੇ ਤੇ ਰਾਗ ਨੂੰ ਅੱਗੇ ਕਰ ਦਿੰਦੇ ਹਨ, ਉਹ ਸੰਗਤਾਂ ਨੂੰ ਆਤਮਿਕ ਸੰਤੁਸ਼ਟਤਾ ਨਹੀਂ ਪ੍ਰਦਾਨ ਕਰ ਸਕਦੇ।"

ਭਾਈ ਸੁਰਜਨ ਸਿੰਘ ਜੀ

ਗੁਰੂ ਨਗਰੀ ਤਰਨ ਤਾਰਨ ਦੇ ਨੇੜੇ ਖੇੜਾ ਪਿੰਡ ਵਿੱਚ ਸ. ਸੰਤ ਸਿੰਘ ਦੇ ਘਰ 1911 ਵਿਚ ਜਨਮੇ ਭਾਈ ਸੁਰਜਨ ਸਿੰਘ ਸੰਗਤਾਂ ਦੇ ਹਰਮਨ ਪਿਆਰੇ ਰਾਗੀ ਸਨ। ਬਚਪਨ ਤੋਂ ਨੇਤਰਹੀਣ ਹੋਣ ਕਾਰਨ ਉਨ੍ਹਾਂ ਦੇ ਪਿਤਾ ਨੇ ਉਨ੍ਹਾਂ ਨੂੰ ਸੈਂਟਰਲ

ਖ਼ਾਲਸਾ ਯਤੀਮਖ਼ਾਨਾ ਅੰਮ੍ਰਿਤਸਰ ਵਿਖੇ ਦਾਖ਼ਲ ਕਰਵਾ ਦਿੱਤਾ। ਅੱਠ-ਦਸ ਵਰ੍ਹਿਆਂ ਦੇ ਬਾਲਕ ਦਾ ਅਤਿ ਸੁਰੀਲਾ ਕੰਠ ਵੇਖ ਉਥੋਂ ਦੇ ਕੀਰਤਨ ਦੇ ਉਸਤਾਦ ਸਾਈਂ ਦਿੱਤਾ ਜੀ ਤੇ ਸ. ਹਰਬੰਸ ਸਿੰਘ ਅਟਾਰੀ ਵਾਲਿਆਂ ਇਨ੍ਹਾਂ ਵੱਲ ਉਚੇਚਾ ਧਿਆਨ ਦੇਣਾ ਸ਼ੁਰੂ ਕਰ ਦਿੱਤਾ। ਸੰਤਾ ਸਿੰਘ ਵੀ ਇਨ੍ਹਾਂ ਦੇ ਬਚਪਨ ਦੇ ਸਾਥੀ ਸਨ। ਉਹ ਸ਼ਬਦ ਸਿਖਾ ਕੇ ਇਨ੍ਹਾਂ ਦੋਹਾਂ ਨੂੰ ਹਿਦਾਇਤ ਦੇ ਜਾਂਦੇ ਕਿ ਕੱਲ ਤੁਸਾਂ ਨੇ ਇਹ ਸ਼ਬਦ ਜ਼ਬਾਨੀ ਸੁਣਾਉਣਾ ਹੈ ਤੇ ਇਸ ਸਿਖਾਏ ਸ਼ਬਦ ਦਾ ਕੀਰਤਨ ਵੀ ਹੋਰ ਠਹਿਰਾਅ ਨਾਲ ਕਰਨਾ ਹੈ। ਸ. ਐਸ.ਐਸ. ਅਮੋਲ ਨੇ ਇਨ੍ਹਾਂ ਨੂੰ ਸ਼ਬਦ ਯਾਦ ਕਰਵਾਉਣ ਵਿੱਚ ਮਦਦ ਕਰਨੀ। ਇਸ ਤਰ੍ਹਾਂ ਸੰਨ 1920 ਤੋਂ 1923 ਤਕ ਭਾਈ ਸੰਤਾ ਸਿੰਘ, ਜੋ ਦਿੱਲੀ ਵਿੱਚ ਪ੍ਰਸਿੱਧ ਹੋਏ ਰਾਗੀ ਜੱਥੇ ਵਿੱਚ 14 ਸਾਲ ਤਕ ਇਕੱਠਿਆਂ ਕੀਰਤਨ ਦੀ ਸੇਵਾ ਨਿਭਾਉਂਦੇ ਰਹੇ, ਬਾਅਦ ਵਿਚ ਭਾਈ ਸੁਰਜਨ ਸਿੰਘ ਦਾ ਰਾਗੀ ਜੱਥਾ ਵੱਖਰਾ ਹੋ ਗਿਆ।

ਉਨ੍ਹਾਂ ਦੀ ਕੀਰਤਨ ਸ਼ੈਲੀ ਦਾ ਵਿਸ਼ੇਸ਼ ਗੁਣ ਸਾਦਗੀ ਤੇ ਪ੍ਰਮਾਣ ਸੀ। ਇੱਕ-ਇੱਕ ਸ਼ਬਦ ਸੰਗਤਾਂ ਨੂੰ ਸਮਝ ਆਉਂਦਾ ਤੇ ਰੂਹ ਵਿੱਚ ਧੱਸਦਾ ਜਾਂਦਾ। ਉਨ੍ਹਾਂ ਦੇ ਸਮੇਂ ਦੇ ਸਰੋਤੇ ਤੇ ਗਵੱਈਏ ਉਨ੍ਹਾਂ ਦੇ ਕੀਰਤਨ ਦੀ ਸੁਗੰਧੀ ਦੇ ਭੌਰੇ ਸਨ। ਸਭ ਰਸਿਕਾਂ, ਰਾਗੀਆਂ ਤੇ ਸਰੋਤਿਆਂ ਲਈ ਇਹ ਬੁਝਾਰਤ ਸੀ ਕਿ ਇਨ੍ਹਾਂ ਨੂੰ ਇਹ ਗੁਣ ਕਿਥੋਂ ਪ੍ਰਾਪਤ ਹੋਇਆ। ਉਨ੍ਹਾਂ ਦਾ ਕੀਰਤਨ ਸਾਦਾ ਜਿਹਾ ਸੀ ਜਿਸ ਵਿੱਚ ਆਲਾਪ ਨਹੀਂ, ਗਲਾ ਫੇਰਨ ਨਹੀਂ, ਚਾਰ ਤਾਲ ਤੇ ਧਰੁਪਦ ਵਰਗਾ ਸ਼ਾਸਤਰੀ ਰੰਗ ਨਹੀਂ, ਫਿਰ ਵੀ ਸੰਗਤਾਂ ਵਿੱਚ ਇਤਨਾ ਰਸ ਕਿਵੇਂ ਉਪਜਾ ਲੈਂਦੇ ਹਨ। ਸ. ਐਸ.ਐਸ. ਅਮੋਲ ਨੇ ਇਸ ਰਾਜ਼ ਦਾ ਕਾਰਨ ਜਾਣਨ ਲਈ ਅਨੇਕਾਂ ਵਾਰ ਪ੍ਰਸ਼ਨ ਕੀਤੇ, ਪਰ ਉਹ ਟਾਲ ਜਾਂਦੇ। ਇੱਕ ਵਾਰ ਉਨ੍ਹਾਂ ਸਹਿਜ ਸੁਭਾਅ ਹੀ ਦੱਸਿਆ ਕਿ ਪਹਿਲਾਂ ਪਹਿਲ ਮੈਨੂੰ ਕੀਰਤਨ ਕਰਕੇ ਆਪ ਕੋਈ ਰਸ ਨਹੀਂ ਸੀ ਆਉਂਦਾ। ਮੈਂ ਕੀਰਤਨ ਸਿੱਖਿਆ ਵੀ, ਸਾਧਨਾ ਵੀ ਕੀਤੀ, ਅਭਿਆਸ ਵੀ ਕੀਤਾ ਪਰ ਕੁਝ ਫਲ ਨਹੀਂ ਮਿਲਿਆ, ਪਰ ਇੱਕ ਦਿਨ ਮੈਂ ਤਰਨ ਤਾਰਨ ਸਾਹਿਬ ਗੁਰੂ ਅਰਜਨ ਦੇਵ ਜੀ ਦੇ ਦਰਬਾਰ ਵਿੱਚ ਫੁੱਟ-ਫੁੱਟ ਕੇ ਰੋ ਪਿਆ ਤੇ ਬਿਨੈ ਕੀਤੀ—ਹੇ ਸੱਚੇ ਪਾਤਸ਼ਾਹ ! ਮੈਨੂੰ ਕੋਈ ਗਿਲਾ ਨਹੀਂ ਕਿ ਮੇਰੇ ਨੇਤਰ ਨਹੀਂ ਹਨ, ਪਰ ਮੈਨੂੰ ਉਸ ਤਰ੍ਹਾਂ ਦੇ ਕੀਰਤਨ ਦੀ ਦਾਤ ਬਖ਼ਸ਼ੋ, ਜਿਸ ਤਰ੍ਹਾਂ ਦਾ ਕੀਰਤਨ ਆਪ ਨੂੰ ਪਸੰਦ ਹੈ।

"ਕਿਸ ਹੀ ਕੋਈ ਕੋਇ, ਮੰਞੁ ਨਿਮਾਣੀ ਇਕੁ ਤੂ" ਤੇ ਮੈਨੂੰ ਜਾਪਿਆ ਜਿਵੇਂ ਮੇਰੀ ਸੁਣੀ ਗਈ। ਅਗਲੇ ਦਿਨ ਮੈਨੂੰ ਅਜਿਹਾ ਆਨੰਦ ਆਇਆ ਜੋ ਗੁਰੂ ਦੀਆਂ ਸੰਗਤਾਂ ਨੇ ਵੀ ਮਾਣਿਆ।

ਭਾਈ ਬਹਾਦਰ ਸਿੰਘ ਜੀ

ਭਾਈ ਬਹਾਦਰ ਸਿੰਘ ਜੀ 1920 ਵਿੱਚ ਖਾਨੇਵਾਲ ਮੰਡੀ ਪਾਕਿਸਤਾਨ ਵਿਚ ਜਨਮੇ। ਭਾਈ ਬਹਾਦਰ ਸਿੰਘ ਨੇ 30 ਸਾਲ ਤੋਂ ਵੱਧ ਸਮੇਂ ਤਕ ਸੁਜਾਨ ਸਿੰਘ ਨਾਲ ਸੰਗਤ ਕਰ ਕੇ ਕੀਰਤਨ ਦੀ ਸੇਵਾ ਨਿਭਾਈ। ਫਿਰ ਜਲੰਧਰ ਟਿੱਕ ਗਏ ਤੇ ਆਪਣਾ

ਨਿਵੇਕਲਾ ਜਥਾ ਬਣਾ ਕੇ ਕੀਰਤਨ ਕਰਨ ਲੱਗੇ। ਉਹ ਆਮ ਕਰਕੇ ਰਾਗਾਂ ਵਿੱਚ ਕੀਰਤਨ ਕਰਦੇ ਸਨ, ਕਿਉਂਕਿ ਰਾਗ ਵਿੱਦਿਆ ਵਿੱਚ ਪੂਰੇ ਮਾਹਿਰ ਸਨ। ਉਹ ਅਮਰੀਕਾ, ਅਫ਼ਰੀਕਾ, ਨੈਰੋਬੀ ਤੇ ਇੰਗਲੈਂਡ ਦੀਆਂ ਸੰਗਤਾਂ ਦੇ ਸੱਦੇ 'ਤੇ ਅਨੇਕਾਂ ਮੁਲਕਾਂ ਵਿੱਚ ਗਏ। ਉਨ੍ਹਾਂ ਬਚਪਨ ਤੋਂ ਗੁਰੂ ਨਾਨਕ ਦੀ ਬਾਣੀ ਗਾ ਕੇ ਗੁਰੂ ਘਰ ਨਾਲ ਨਾਤਾ ਜੋੜਿਆ। ਆਪ ਸ਼ਬਦ ਕੀਰਤਨ ਦੇ ਨਾਲ-ਨਾਲ ਉੱਤਮ ਸ਼ੈਲੀ ਦੇ ਵਿਆਖਿਆਕਾਰ ਸਨ। ਆਪ ਭਿੱਜ ਕੇ ਕੀਰਤਨ ਕਰਦੇ ਤੇ ਸੰਗਤਾਂ ਨੂੰ ਪੂਰੀ ਤਰ੍ਹਾਂ ਜੋੜਨ ਦੀ ਸਮਰੱਥਾ ਗੁਰੂ ਨੇ ਉਨ੍ਹਾਂ ਨੂੰ ਬਖ਼ਸ਼ੀ ਹੋਈ ਸੀ। ਆਪ ਨੇ ਵਿਦੇਸ਼ਾਂ ਵਿੱਚ ਕੀਰਤਨ ਦੇ ਨਾਲ-ਨਾਲ ਅੰਮ੍ਰਿਤ ਪ੍ਰਚਾਰ ਵੀ ਕੀਤਾ। 1947 ਵਿੱਚ ਆਪ ਅਮਰੀਕਾ ਦੇ ਸਿੱਖਾਂ ਦੇ ਹੱਕ ਵਿੱਚ ਯੂ.ਐਨ.ਓ. ਅੱਗੇ ਵਿਖਾਵੇ ਵਿਚ ਮੋਹਰੀ ਬਣੇ। ਆਪ ਵਿੱਚ ਸਿੱਖੀ ਪ੍ਰਤੀ ਤੜਪ ਸੀ।

ਭਾਈ ਗੋਪਾਲ ਸਿੰਘ

ਭਾਈ ਗੋਪਾਲ ਸਿੰਘ ਰਾਗੀ ਸਿੱਖ ਕੌਮ ਦੇ ਪ੍ਰਮੁੱਖ ਰਾਗੀਆਂ ਵਿੱਚੋਂ ਸਨ। 1927 ਵਿੱਚ ਜਨਮੇ ਅਮੀਰ ਘਰਾਣੇ ਦੇ ਭਾਈ ਸਾਹਿਬ ਆਸਾਮ ਵਿੱਚ ਹੋਏ ਫ਼ਿਰਕੂ ਫ਼ਸਾਦਾਂ ਕਾਰਨ ਮਾਤਾ-ਪਿਤਾ ਦੇ ਸਾਏ ਤੋਂ ਵਾਂਝੇ ਹੋ ਗਏ। ਯਤੀਮ ਹੋਣ ਉਪਰੰਤ ਉਨ੍ਹਾਂ ਨੂੰ ਯਤੀਮਖ਼ਾਨੇ ਦਾਖ਼ਲ ਹੋਣਾ ਪਿਆ, ਜਿੱਥੇ ਉਨ੍ਹਾਂ ਗੁਰਬਾਣੀ ਸਿੱਖੀ। ਉਥੇ ਭਾਈ ਗੁਰਦਾਸ ਜੀ ਦੀਆਂ ਵਾਰਾਂ, ਦਸਮੇਸ਼ ਪਿਤਾ ਦੀ ਬਾਣੀ ਤੇ ਭਾਈ ਨੰਦ ਲਾਲ ਜੀ ਦੀਆਂ ਗ਼ਜ਼ਲਾਂ ਜ਼ਬਾਨੀ ਕੰਠ ਕਰ ਲਈਆਂ। ਉਨ੍ਹਾਂ ਸਾਜ਼ਾਂ ਦੀ ਵਿਸ਼ੇਸ਼ ਸਿਖਲਾਈ ਪ੍ਰਾਪਤ ਕੀਤੀ। ਉਨ੍ਹਾਂ ਹਰਿਮੰਦਰ ਸਾਹਿਬ ਵਿਖੇ ਕਾਫ਼ੀ ਸਮਾਂ ਕੀਰਤਨ ਦੀ ਸੇਵਾ ਨਿਭਾਈ। ਜਦੋਂ ਆਪ ਕੀਰਤਨ ਕਰਦੇ ਤਾਂ ਗੁਰੂ ਸਾਹਿਬ ਦੀ ਹਾਜ਼ਰੀ ਵਿੱਚ ਤੇ ਪਰਿਕਰਮਾ ਵਿੱਚ ਸੰਗਤਾਂ ਅਡੋਲ ਕੀਰਤਨ ਸੁਣਦੀਆਂ ਰਹਿੰਦੀਆਂ। ਉਨ੍ਹਾਂ ਨੇ ਅਥਾਹ ਪ੍ਰੇਮ ਤੇ ਸ਼ਰਧਾ ਨਾਲ ਗੁਰੂ ਘਰ ਦੇ ਅਨਿੰਨ ਸੇਵਕ ਤੇ ਭਿਖਾਰੀ ਬਣ ਕੇ ਕੀਰਤਨ ਕੀਤਾ।

ਭਾਈ ਬਖ਼ਸ਼ੀਸ਼ ਸਿੰਘ ਜੀ

ਆਪ ਸਿੱਖ ਜਗਤ ਦੀ ਕੀਰਤਨ ਟਕਸਾਲ ਦੇ ਇੱਕ ਕੀਮਤੀ ਮੋਹਰ ਸਨ। ਆਪ ਆਪਣੇ ਆਪ ਵਿੱਚ ਇਕ ਸੰਸਥਾ ਸਨ ਤੇ ਆਪਣੇ ਸਮੇਂ ਦੇ ਯੁਗ ਪੁਰਸ਼।

ਸੰਗਤੀ ਪਰਿਵਾਰ ਵਿੱਚੋਂ ਉਨ੍ਹਾਂ 1933 ਵਿੱਚ ਗੁੜ੍ਹਤੀ ਪ੍ਰਾਪਤ ਕੀਤੀ। ਉਨ੍ਹਾਂ ਦੇ ਦਾਦਾ ਭਾਈ ਜਵਾਲਾ ਸਿੰਘ ਤੇ ਪਿਤਾ ਭਾਈ ਕ੍ਰਿਪਾਲ ਸਿੰਘ ਕੀਰਤਨ ਪ੍ਰੰਪਰਾ ਵਿਚ ਜਿਹੜੇ 42 ਚਿੰਨ੍ਹ ਛੱਡ ਗਏ ਸਨ, ਉਨ੍ਹਾਂ ਨੇ ਇਨ੍ਹਾਂ ਨੂੰ ਕਾਇਮ ਰੱਖਿਆ।

ਆਪ ਨੇ ਹਜ਼ੂਰੀ ਰਾਗੀ ਦੇ ਤੌਰ 'ਤੇ, ਤਰਨ ਤਾਰਨ ਸਾਹਿਬ, ਅਨੰਦਪੁਰ ਸਾਹਿਬ, ਦੂਖ ਨਿਵਾਰਨ ਸਾਹਿਬ ਤੇ ਦਰਬਾਰ ਸਾਹਿਬ ਅੰਮ੍ਰਿਤਸਰ ਕੀਰਤਨ ਦੀ ਸੇਵਾ ਨਿਭਾਈ। ਗੁਰੂ ਗ੍ਰੰਥ ਸਾਹਿਬ ਜੀ ਵਿੱਚ ਦਰਜ ਸਾਰੇ ਰਾਗਾਂ ਦਾ ਮਿਸ਼ਰਨ ਕਰ ਕੇ, ਰਾਗ ਮਾਲਾ ਬਣ ਕੇ ਗੁਲਦਸਤੇ ਦੇ ਰੂਪ ਵਿੱਚ ਗਾਉਣਾ ਉਨ੍ਹਾਂ ਦੀ ਵਿਸ਼ੇਸ਼ ਖ਼ੂਬੀ ਸੀ। ਪੰਜ-ਛੇ ਰਾਗਾਂ ਦੇ ਮਿਸ਼ਰਨ ਵਾਲੇ ਸ਼ਬਦਾਂ ਨੂੰ ਉਹ ਆਮ ਗਾਉਂਦੇ

ਸਨ। ਉਨ੍ਹਾਂ ਨੇ ਸਾਰੀਆਂ ਤਾਲਾਂ ਵਿੱਚ ਜਿਵੇਂ ਫ਼ਿਰਦੋਸਤ, ਆੜਾ ਚੁਤਾਲਾ, ਝਪ-ਤਾਲ, ਪੰਜ-ਤਾਲ ਦੀ ਸਵਾਰੀ, ਛੇ ਤਾਲ, ਧੁਮਾਰ, ਝੂਮਰ ਤੇ ਏਕ ਤਾਲ, ਰੂਪਕ, ਦੀਪ ਚੰਦੀ, ਛੋਟਾ ਤੀਨ ਤਾਲ ਵਿੱਚ ਗਾ ਕੇ ਆਪ ਵੀ ਆਨੰਦ ਪ੍ਰਾਪਤ ਕਰਦੇ ਤੇ ਸੰਗਤਾਂ 'ਤੇ ਵੀ ਪ੍ਰਭਾਵ ਛੱਡਦੇ। ਜਦੋਂ ਉਹ ਜੈਜਾਵੰਤੀ ਤੇ ਯਮਨ-ਕਲਿਆਣ ਰਾਗ ਵਿੱਚ ਸ਼ਬਦ ਦਾ ਗਾਇਣ ਕਰਦੇ ਤਾਂ ਸੰਗਤਾਂ ਮੰਤਰ-ਮੁਗਧ ਹੋ ਜਾਂਦੀਆਂ।

ਭਾਈ ਬਲਬੀਰ ਸਿੰਘ ਜੀ

ਸ. ਇੰਦਰਜੀਤ ਸਿੰਘ ਗੋਗੋਆਣੀ ਲਿਖਦੇ ਹਨ ਕਿ 1933 ਨੂੰ ਸ੍ਰੀ ਤਰਨ ਤਾਰਨ ਸਾਹਿਬ ਵਿਖੇ ਭਾਈ ਸੰਤਾ ਸਿੰਘ ਦੇ ਘਰ ਜਦੋਂ ਉਨ੍ਹਾਂ ਅੱਖਾਂ ਖੋਲ੍ਹੀਆਂ ਤਾਂ ਉਨ੍ਹਾਂ ਦੇ ਘਰ ਸੰਗੀਤ ਦੀਆਂ ਗੁੰਜਾਰਾਂ ਉੱਠਦੀਆਂ ਸਨ। ਇਸ ਖ਼ਾਨਦਾਨ ਦੀ ਸੱਤਾਂ ਪੀੜ੍ਹੀਆਂ ਤੋਂ ਸੰਗੀਤ ਨਾਲ ਸਾਂਝ ਸੀ। ਉਨ੍ਹਾਂ ਆਪਣੇ ਪਿਤਾ ਤੋਂ ਸੰਗੀਤ ਦੀ ਗੁੜ੍ਹਤੀ ਲਈ ਤੇ ਭਾਈ ਲਾਲ ਤੋਂ, ਫਿਰ 1957 ਵਿਚ ਬੜੇ ਗ਼ੁਲਾਮ ਅਲੀ ਖ਼ਾਂ ਤੋਂ ਕੁਝ ਨੁਕਤੇ ਸਿੱਖੇ। ਉਨ੍ਹਾਂ ਲੰਮੇ ਅਰਸੇ ਤਕ ਸ੍ਰੀ ਤਰਨ ਤਾਰਨ ਸਾਹਿਬ, ਦਰਬਾਰ ਸਾਹਿਬ ਅੰਮ੍ਰਿਤਸਰ ਤੇ ਸੀਸ ਗੰਜ ਦਿੱਲੀ ਕੀਰਤਨ ਦੀ ਸੇਵਾ ਨਿਭਾਈ।

ਉਹ ਆਪ ਮੰਨਦੇ ਹਨ ਕਿ ਉਹ ਧਰੁਪਦ, ਧੁਮਾਰ ਤੇ ਚੁਤਾਲਾ ਵਰਗੀਆਂ ਬਿੱਖੜੀਆਂ ਤਾਲਾਂ ਵਿੱਚ ਗਾ ਕੇ ਆਨੰਦ ਪ੍ਰਾਪਤ ਕਰਦੇ ਹਨ। ਉਹ ਸਵਾ ਸੌ ਰਾਗਾਂ ਵਿੱਚ ਗਾਉਣ ਦੀ ਮੁਹਾਰਤ ਰੱਖਦੇ ਹਨ। ਉਹ ਦਸਮ ਗ੍ਰੰਥ ਵਿੱਚ ਤਰਾਨੇ ਦੀ ਚਾਲ ਦੇ ਸ਼ਬਦ ਆਪਣੀ ਗਾਇਕੀ ਵਿੱਚ ਲਿਆਉਂਦੇ ਹਨ। ਵੱਖ-ਵੱਖ ਰਾਗਾਂ ਤੇ ਤਾਲਾਂ ਵਿੱਚ ਗੁਲਦਸਤਾ ਤਿਆਰ ਕਰਨਾ ਤੇ ਗਾਉਣਾ ਉਹਨਾਂ ਦੇ ਸ਼ੌਕ ਹਨ। ਤੰਤੀ ਸਾਜ਼ਾਂ ਵਿੱਚੋਂ ਦਿਲਰੁਬਾ, ਤਾਊਸ ਤੇ ਜਲ-ਤਰੰਗ ਬਾਰੇ ਚੰਗੀ ਸੂਝ ਰੱਖਦੇ ਹਨ। ਔਖੇ ਸ਼ਬਦਾਂ ਨੂੰ ਗਾਇਕੀ ਵਿੱਚ ਲਿਆਉਣਾ ਵੀ ਉਨ੍ਹਾਂ ਦਾ ਸ਼ੌਕ ਹੈ।

ਅੱਜ ਇਹ ਸਾਡੀ ਤ੍ਰਾਸਦੀ ਹੈ ਕਿ ਕੀਰਤਨ ਪ੍ਰਕਿਰਿਆ ਦਾ ਵਪਾਰੀਕਰਨ ਹੋ ਰਿਹਾ ਹੈ। ਨਿੱਜੀ ਲੋਭ, ਉਪਾਸ਼ਨਾ, ਸ਼ੁਹਰਤ ਹੀ ਕੀਰਤਨ ਦਾ ਮਨੋਰਥ ਬਣ ਗਿਆ ਹੈ। ਅੱਜ ਸਾਡੇ ਰਾਗੀ ਜੋ ਰਬਾਬੀਆਂ ਦੇ ਵਾਰਸ ਬਣ ਗਏ ਹਨ, ਰਬਾਬੀਆਂ ਦੀ ਗਾਇਕੀ ਦਾ ਕੀਮਤੀ ਖ਼ਜ਼ਾਨਾ ਸਾਥੋਂ ਖੁਸ ਗਿਆ ਹੈ। ਉਨ੍ਹਾਂ ਦੀ ਗਾਇਕੀ, ਰਿਆਜ਼, ਸਿਦਕ-ਦਿਲੀ ਪੱਖੋਂ ਅਮੀਰ ਕੀਰਤਨ ਸ਼ੈਲੀ ਦੇ ਵਾਰਸ ਸਾਡੇ ਕੀਰਤਨੀਏ ਨਹੀਂ ਬਣ ਸਕੇ। ਅੱਜ ਇਹ ਧਾਰਨਾ ਪ੍ਰਚਲਿਤ ਹੈ ਕਿ ਸਾਡੇ ਰਾਗੀ ਸਿੰਘ ਸਾਜ਼ਾਂ ਨਾਲ ਭਾਵੇਂ ਸੁਰ ਹਨ, ਮਾਇਆ ਨਾਲ ਵੀ ਸੁਰ ਹਨ ਪਰ ਗੁਰਬਾਣੀ ਨਾਲ ਸੁਰ ਨਹੀਂ। ਮਨੁੱਖੀ ਮਨ ਦੀ ਪ੍ਰਵਿਰਤੀ ਬਹੁ ਚੰਚਲ ਹੈ। ਇਹ ਪਾਰੇ ਦੀ ਤਰ੍ਹਾਂ ਝੱਟ ਹੱਥਾਂ ਵਿੱਚੋਂ ਫਿਸਲ ਜਾਂਦੀ ਹੈ, ਇਸ ਨੂੰ ਜਜ਼ਬਿਆਂ ਦੀ ਬੋਲੀ ਨਾਲ ਸਮਝਾਇਆ ਜਾ ਸਕਦਾ ਹੈ, ਪਰ ਉਨ੍ਹਾਂ ਜਜ਼ਬਿਆਂ ਵਿੱਚ ਸੂਝ ਵੀ ਹੋਵੇ। ਅੱਜ ਦਾ ਮਨੋਵਿਗਿਆਨ ਵੀ ਭਾਵੁਕ ਬੁੱਧੀਮਾਨਤਾ (emotional intelligence) ਦੀ ਗੱਲ ਕਰਦਾ ਹੈ। ਮਨੁੱਖੀ ਭਾਵੁਕ ਵਹਿਣ ਦਾ ਮੁਖ ਮੋੜਨ ਲਈ ਅਧਿਆਤਮਿਕ ਕੀਰਤਨ ਦੀ ਪ੍ਰਬਲਤਾ ਤੇ ਵਿਖਿਆਨ ਦੀ ਸੁਖੈਨਤਾ ਅਤਿ ਜ਼ਰੂਰੀ ਹੈ ਜਿਸ ਨਾਲ ਮਨੁੱਖੀ ਮਨ ਦੀ ਚੰਚਲਤਾ ਨੂੰ ਠੱਲ੍ਹ ਪਾਈ

ਜਾ ਸਕੇ। ਪੁਰਾਤਨ ਕੀਰਤਨੀਏ ਜਾਣਦੇ ਸਨ ਕਿ ਮਨੁੱਖੀ ਮਨ ਨੂੰ ਕਿਵੇਂ ਸੁਰ ਕੀਤਾ ਜਾ ਸਕਦਾ ਹੈ, ਪਰ ਅੱਜ ਸਾਡੇ ਰਾਗੀ ਗਾਉਂਦੇ ਹਨ, ਮਾਇਆ ਲਈ। ਪਿੰਡਾਂ ਤੇ ਕਸਬਿਆਂ ਦੇ ਧਾਰਮਿਕ ਸਥਾਨਾਂ ਵਿਚ ਵਿਚਰਨ ਵਾਲੇ ਰਾਗੀਆਂ ਦਾ ਮਿਆਰ ਬਹੁਤ ਹੀ ਨੀਵਾਂ ਹੈ। ਉਨ੍ਹਾਂ ਨੂੰ ਕੋਈ ਸੁਰ ਦਾ ਗਿਆਨ ਨਹੀਂ, ਕੋਈ ਰਿਆਜ਼ ਨਹੀਂ, ਸ਼ਬਦ ਉਚਾਰਨ ਸ਼ੁੱਧ ਨਹੀਂ। ਉਹ ਕੋਈ ਧਾਰਨਾ ਲੈ ਕੇ ਫਿਰ ਲੰਮੀਆਂ ਲੰਮੀਆਂ ਕਰਾਮਾਤਾਂ ਭਰਪੂਰ ਸਾਖੀਆਂ ਸੁਣਾ ਕੇ ਸਮਾਂ ਲੰਘਾਉਂਦੇ, ਰੋਜ਼ੀ ਰੋਟੀ ਦਾ ਤਾਲ ਪੂਰਦੇ ਹਨ। ਕਈ ਵਾਰ ਸਾਡੇ ਸਿੰਘ ਕੀਰਤਨ ਸਮੇਂ ਆਪਣੀ ਰਾਗ ਵਿੱਦਿਆ ਦੀ ਵਿਦਵਤਾ ਦਾ ਪ੍ਰਗਟਾਵਾ ਕਰਨ ਲਈ ਫ਼ਜ਼ੂਲ ਆਲਾਪ,.ਤਾਨ-ਪਲਟੇ, ਮੁਰਕੀਆਂ ਤੇ ਸਰਗਮਾਂ ਬੋਲ ਬੋਲ ਕੇ ਕੀਰਤਨ ਵਿਚ ਬੇ-ਰਸੀ ਪੈਦਾ ਕਰਦੇ ਹਨ। ਤਬਲੇ ਵਾਲਾ ਵੀ ਵਾਧੂ ਜ਼ੋਰ ਨਾਲ ਤਬਲਾ ਵਜਾ ਕੇ ਆਪਣਾ ਪ੍ਰਭਾਵ ਪਾਉਣ ਦੀ ਕੋਸ਼ਿਸ਼ ਕਰਦਾ ਹੈ। ਗਾਉਣ ਵਾਲਾ ਜ਼ੋਰ ਲਾ ਕੇ ਗਾਉਣਾ ਆਪਣੀ ਪਹਿਲਵਾਨੀ ਸਮਝਦਾ ਹੈ। ਅਜਿਹਾ ਕਰਦਿਆਂ ਸ਼ਬਦ ਦੇ ਭਾਵ ਵਿੱਚ ਹੀ ਦੱਬ ਜਾਂਦੇ ਹਨ।

ਕਈ ਰਾਗੀ ਸਿੰਘ ਸ਼ਬਦਾਂ ਦੇ ਗਾਇਣ ਸਮੇਂ ਕੱਚੀਆਂ ਧਾਰਨਾਂ ਨਾਲ ਜੋੜਦੇ ਹਨ। ਕੱਚੀਆਂ ਧਾਰਨਾਂ ਤੇ ਫ਼ਿਲਮੀ ਤਰਜ਼ਾਂ ਦੀ ਬਿਮਾਰੀ ਮਨੁੱਖੀ ਮਨ ਦੀ ਚੰਚਲਤਾ ਨੂੰ ਵਧਾਉਂਦੇ ਹਨ।

ਕਈ ਰਾਗੀ ਵਿਚਾਰੇ ਇਕ-ਦੋ ਬੰਦਿਸ਼ਾਂ 'ਤੇ ਸ਼ਬਦ ਲਗਾ ਲਗਾ ਕੇ ਆਪਣੇ ਆਪ ਨੂੰ ਗੰਧਰਵ ਅਖਵਾਉਣ ਦਾ ਭੁਲੇਖਾ ਪਾਉਂਦੇ ਹਨ। ਕਈ ਰਾਗੀ ਡਿਗਰੀ ਲੈ ਕੇ ਆਪਣੇ ਆਪ ਨੂੰ ਸੰਗੀਤ ਆਚਾਰਯ ਸਮਝ ਬੈਠਦੇ ਹਨ। ਕਈਆਂ ਕੋਲ ਸੁਰ ਤਾਲ ਹੁੰਦਾ ਹੈ, ਪਰ ਗੁਰਬਾਣੀ ਦਾ ਗਿਆਨ ਨਹੀਂ ਹੁੰਦਾ। ਸੋ ਅਜਿਹੇ ਰਾਗੀ ਨਾ ਆਪ ਆਨੰਦ ਲੈ ਸਕਦੇ ਹਨ, ਨਾ ਸੰਗਤਾਂ ਨੂੰ ਆਨੰਦ ਉਪਜਾ ਸਕਦੇ ਹਨ।

ਬਹੁਤੇ ਕੀਰਤਨੀਏ ਤਾਂ ਹੁਣ ਵਿਦੇਸ਼ਾਂ ਵਿਚ ਜਾ ਕੇ ਪੌਂਡ ਤੇ ਡਾਲਰ ਕਮਾਉਣ ਲਈ ਉਤਾਵਲੇ ਹੋ ਰਹੇ ਹਨ। ਐਂਬੈਸੀ ਵਿਚ ਜਿਨ੍ਹਾਂ ਦੀਆਂ ਲੰਮੀਆਂ-ਲੰਮੀਆਂ ਕਤਾਰਾਂ ਇਨ੍ਹਾਂ ਦੀ ਪੈਸੇ ਲਈ ਭੱਜ-ਨੱਠ ਦਾ ਸਬੂਤ ਦਿੰਦੀਆਂ ਹਨ। ਬਹੁਤ ਸਾਰੇ ਰਾਗੀਆਂ ਨੇ ਕੀਰਤਨ ਨੂੰ ਬਿਜ਼ਨੈੱਸ, ਪ੍ਰੋਫ਼ੈਸ਼ਨ ਜਾਂ ਫਿਰ ਦਿਖਾਵੇ ਦੀ ਵਾਹ-ਵਾਹ ਵਾਸਤੇ ਅਪਣਾ ਲਿਆ ਹੈ। ਉਹ ਮਿਹਨਤ-ਮੁਸ਼ੱਕਤ ਕਰਨ ਨਾਲੋਂ ਇਸ ਕਿੱਤੇ ਵਿਚ ਸ਼ਾਮਲ ਹੋਣ ਨੂੰ ਤਰਜੀਹ ਦਿੰਦੇ ਹਨ।

ਸਭ ਤੋਂ ਸ਼ਰਮਨਾਕ ਗੱਲ ਤਾਂ ਇਹ ਹੈ ਕਿ ਕੁਝ ਰਾਗੀ ਜੱਥੇ ਗੁਰਬਾਣੀ ਕੀਰਤਨ ਨੂੰ ਫ਼ਿਲਮੀ ਤਰਜ਼ਾਂ ਉੱਪਰ ਗਾਉਣਾ ਆਰੰਭ ਕਰ ਰਹੇ ਹਨ ਜੋ ਅਤਿ ਘਿਨਾਉਣੀ ਤੇ ਨੀਵੀਂ ਸੋਚ ਹੈ। ਫ਼ਿਲਮੀ ਗੀਤ ਕੱਚ-ਰਸੇ, ਸੰਬੰਧਿਤ ਨ੍ਰਿਤਕਾਰੀ ਨਾਲ ਭਰਪੂਰ ਹੁੰਦੇ ਹਨ, ਜਿਹੜੇ ਗੀਤ ਆਮ ਤੌਰ 'ਤੇ ਹਿੱਟ ਹੋ ਜਾਂਦੇ ਹਨ। ਵਰਤਣ ਵਾਲੇ ਤਰਜ਼ਾਂ ਵੀ ਉਨ੍ਹਾਂ ਹੀ ਗੀਤਾਂ ਦੀਆਂ ਵਰਤਦੇ ਹਨ। ਅਜਿਹੇ ਗੀਤ ਟੀ.ਵੀ. ਕੈਸਟਾਂ ਆਦਿ ਰਾਹੀਂ ਸਭ ਦੇ ਮਨਾਂ ਉਪਰ ਛਾਏ ਹੁੰਦੇ ਹਨ। ਉਸ ਗੀਤ ਸਮੇਂ ਸੀਨ ਕੀ ਹੈ, ਕਹਾਣੀ ਕੀ ਚੱਲ ਰਹੀ ਹੈ, ਨਜ਼ਾਰਾ ਕੀ ਹੈ, ਆਦਿ ਸਰੋਤਿਆਂ ਦੀਆਂ ਅੱਖਾਂ ਤੇ ਕੰਨਾਂ ਰਾਹੀਂ ਸਾਹਮਣੇ ਚੱਲ ਰਿਹਾ ਹੁੰਦਾ ਹੈ, ਨਾ ਕਿ ਗੁਰਬਾਣੀ ਦੀ ਸ਼ਬਦਾਵਲੀ। ਇਹ ਜਿੱਥੇ

ਇਕ ਪਾਸੇ ਗੁਰਬਾਣੀ ਦੀ ਬੇਅਦਬੀ ਹੈ, ਉਥੇ ਦੂਸਰੇ ਪਾਸੇ ਗੁਰਬਾਣੀ ਗਾਇਣ ਕਰਨ ਵਾਲਿਆਂ ਦੀ ਅਲਪਗਤਾ ਦਾ ਪ੍ਰਗਟਾਵਾ ਹੈ।

ਸੋ ਲੋੜ ਹੈ ਰਬਾਬੀ ਕੀਰਤਨ ਪ੍ਰੰਪਰਾ ਨੂੰ ਸੁਰਜੀਤ ਕਰਨ ਦੀ, ਸਿੱਖ ਸੰਗਤਾਂ ਨੂੰ ਸੁਚੇਤ ਹੋਣ ਦੀ ਤਾਂ ਜੋ ਉਹ ਰਾਗੀਆਂ ਤੋਂ ਨਿਰਮੋਲਕ ਹੀਰਿਆਂ ਦੀ ਮੰਗ ਕਰ ਸਕਣ ਤੇ ਸਾਡੇ ਰਾਗੀ ਪੁਰਾਤਨ ਰਾਗੀਆਂ ਦੀ ਤਰ੍ਹਾਂ ਮਿਹਨਤ, ਕਮਾਈ ਤੇ ਸਿੱਖੀ ਸੇਵਕੀ ਨਿਭਾ ਕੇ ਸੰਗਤਾਂ ਦੀਆਂ ਖ਼ੁਸ਼ੀਆਂ ਪ੍ਰਾਪਤ ਕਰ ਸਕਣ।

ਰਾਗੀ ਸਿੰਘਾਂ ਪ੍ਰਤੀ ਕੁਝ ਸਨਿਮਰ ਬੇਨਤੀਆਂ

ਅਜੋਕੇ ਸਮੇਂ ਵਿੱਚ ਕੀਰਤਨ ਕਰਨ ਤੇ ਸੁਣਨ ਵਾਲਿਆਂ ਦਾ ਘੇਰਾ ਅਤਿ ਵਿਸ਼ਾਲ ਹੋ ਗਿਆ ਹੈ। ਮੀਡੀਏ ਰਾਹੀਂ ਤੇ ਕੀਰਤਨ ਦਰਬਾਰਾਂ ਰਾਹੀਂ ਕੀਰਤਨ ਦਾ ਪ੍ਰਵਾਹ ਚੱਲ ਪਿਆ ਹੈ। ਅਜਿਹੇ ਸਮੇਂ ਵਿੱਚ ਰਾਗੀਆਂ ਨੂੰ ਗੁਰੂ ਨਾਨਕ ਦੇਵ ਜੀ ਦੁਆਰਾ ਸਥਾਪਿਤ ਕੀਤੀ ਪ੍ਰੰਪਰਾ ਨੂੰ ਸਿਦਕ ਦਿਲੀ ਨਾਲ ਅਗਾਂਹ ਤੋਰਨ ਲਈ ਹੇਠ ਲਿਖੇ ਉਪਰਾਲੇ ਕਰਨੇ ਚਾਹੀਦੇ ਹਨ:

1. ਰਾਗੀ ਸਿੰਘਾਂ ਦੀ ਇਹ ਜ਼ਿੰਮੇਵਾਰੀ ਬਣ ਜਾਂਦੀ ਹੈ ਕਿ ਉਹ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿੱਚ, ਭੈ-ਭਾਵਨੀ ਨਾਲ ਗੁਰੂ ਨੂੰ ਹਾਜ਼ਰ-ਨਾਜ਼ਰ ਸਮਝ ਕੇ ਕੀਰਤਨ ਕਰਨ।
2. ਗਾਏ ਜਾਣ ਵਾਲੇ ਸ਼ਬਦ ਦੇ ਅਰਥ ਉਨ੍ਹਾਂ ਨੂੰ ਸਪੱਸ਼ਟ ਹੋਣੇ ਚਾਹੀਦੇ ਹਨ ਤਾਂ ਜੋ ਉਹ ਸਹੀ ਵਿਸ਼ਰਾਮ ਦੇ ਕੇ ਸ਼ਬਦਾਂ ਦਾ ਕੀਰਤਨ ਕਰ ਸਕਦੇ ਹੋਣ ਤੇ ਸਰੋਤੇ ਉਨ੍ਹਾਂ ਦੇ ਕੀਰਤਨ ਦਾ ਆਨੰਦ ਮਾਣ ਸਕਦੇ ਹੋਣ।
3. ਉਹ ਜੁੜ ਕੇ, ਸੁਆਦ ਮਾਣ ਕੇ, ਭਾਵ ਨੂੰ ਸਮਝ ਸਮਝ ਕੇ, ਰਸ ਵਿਚ ਗੜੂੰਦ ਹੋ ਕੇ, ਸ਼ਬਦ ਦੇ ਹਰ ਅੱਖਰ ਨੂੰ ਸਪੱਸ਼ਟ ਕਰ ਕੇ ਸ਼ੁੱਧ ਉਚਾਰਨ ਰਾਹੀਂ ਪ੍ਰਗਟ ਕਰਨ ਤਾਂ ਜੋ ਸਰੋਤੇ ਆਤਮਿਕ ਲਾਹਾ ਲੈ ਸਕਣ।
4. ਸ਼ਬਦ ਗੁਰੂ ਗ੍ਰੰਥ ਸਾਹਿਬ ਵਿੱਚ ਅੰਕਿਤ ਰਾਗਾਂ ਦੇ ਆਧਾਰ 'ਤੇ ਹੀ ਪੜ੍ਹੇ ਜਾਣ।
5. ਗੁਰੂ ਗ੍ਰੰਥ ਸਾਹਿਬ ਵਿੱਚ ਦੁਰਲੱਭ ਖ਼ਜ਼ਾਨੇ ਤੋਂ ਸੰਗਤਾਂ ਨੂੰ ਜਾਣੂੰ ਕਰਵਾਉਣ ਹਿੱਤ ਸਾਧਾਰਨ ਸ਼ਬਦਾਂ ਤੋਂ ਬਿਨਾਂ ਹੋਰ ਪ੍ਰਕਾਰਾਂ ਜਿਵੇਂ ਅਲਾਹਣੀਆਂ, ਘੋੜੀਆਂ, ਲਾਵਾਂ ਤੇ ਸਦੁ ਦਾ ਕੀਰਤਨ ਵੀ ਉਸੇ ਸ਼ੈਲੀ ਵਿਚ ਹੋਵੇ ਜਿਸ ਦੀ ਹਿਦਾਇਤ ਇਨ੍ਹਾਂ ਦੇ ਆਰੰਭ ਵਿੱਚ ਦਿੱਤੀ ਗਈ ਹੈ।
6. ਸ਼ਬਦ ਵਿਚਲੀ ਰਹਾਉ ਦੀ ਤੁਕ ਨੂੰ ਹੀ ਅਸਥਾਈ ਮੰਨ ਕੇ ਆਧਾਰ ਬਣਾਇਆ ਜਾਵੇ। ਜੇ ਰਹਾਉ ਦੀ ਤੁਕ ਨਾ ਹੋਵੇ ਤਾਂ ਸ਼ਬਦ ਦੀ ਆਰੰਭਲੀ ਤੁਕ ਨੂੰ ਸਥਾਈ ਬਣਾਇਆ ਜਾ ਸਕਦਾ ਹੈ ਤਾਂ ਜੋ ਸੰਗਤ ਵਿੱਚੋਂ ਕੋਈ ਉਹ ਸ਼ਬਦ ਲੱਭਣਾ ਚਾਹੇ ਤਾਂ ਉਸ ਨੂੰ ਮੁਸ਼ਕਲ ਨਾ ਹੋਵੇ।
7. ਸ਼ਬਦ ਨੂੰ ਰਾਗ ਵਿਚ ਆਰੰਭ ਕਰਨ ਤੋਂ ਪਹਿਲਾਂ ਵਿਲੰਬਿਤ ਲੈਅ ਵਿੱਚ, ਆਲਾਪ ਰੂਪ ਵਿੱਚ, ਬੰਦਨਾ ਦੇ ਰੂਪ ਵਿੱਚ, ਮੰਗਲਾਚਰਨ ਦੇ ਰੂਪ ਵਿੱਚ ਰਾਗ ਦਾ ਸਰੂਪ ਉਭਾਰਿਆ ਜਾਵੇ।

8. ਸ਼ਬਦ ਪੂਰਾ ਹੋਣ 'ਤੇ ਆਲਾਪ, ਸ਼ਬਦ, ਤਾਨਾਂ ਆਦਿ ਦਾ ਪ੍ਰਯੋਗ ਕੀਤਾ ਜਾਵੇ।
9. ਰਾਗ ਵਿੱਚ ਸ਼ਬਦ ਪੜ੍ਹਨ ਸਮੇਂ ਸਰਗਮਾਂ ਦਾ ਪ੍ਰਯੋਗ ਕਰਨਾ ਵਿਵਰਜਿਤ ਹੋਵੇ। ਇਸ ਨਾਲ ਸ਼ਬਦ ਦਾ ਰਸ ਮਾਰਿਆ ਜਾਂਦਾ ਹੈ ਤੇ ਸੰਗਤ ਦਾ ਧਿਆਨ ਤੇ ਸੁਰਤ ਸ਼ਬਦ ਨਾਲੋਂ ਟੁੱਟ ਜਾਂਦੀ ਹੈ ਤੇ ਸਥਿਤੀ ਰਸਹੀਣ ਹੋ ਜਾਂਦੀ ਹੈ।
10. ਭਾਵੇਂ ਹਾਰਮੋਨੀਅਮ ਰਾਗੀਆਂ ਦਾ ਹਰਮਨ ਪਿਆਰਾ ਸਾਜ਼ ਹੈ, ਪਰ ਰਾਗੀਆਂ ਨੂੰ ਤੰਤੀ ਸਾਜ਼ਾਂ ਨੂੰ ਜਿਵੇਂ ਰਬਾਬ, ਤਾਨਪੂਰਾ, ਦਿਲਰੁਬਾ ਤੇ ਵਾਇਲਨ ਦੀ ਸਿਖਲਾਈ ਪ੍ਰਾਪਤ ਕਰ ਕੇ ਆਪਣੇ ਜੱਥੇ ਦੇ ਸਾਥੀਆਂ ਵਿਚ ਸ਼ਾਮਲ ਕਰਨ ਦੇ ਉਪਰਾਲੇ ਕਰਨੇ ਚਾਹੀਦੇ ਹਨ।
11. ਕੀਰਤਨ ਦਾਦਰਾ ਤੇ ਕਹਿਰਵਾ ਤਾਲ ਤੋਂ ਇਲਾਵਾ ਫ਼ਿਰਦੋਸਤ, ਆੜਾ-ਚਾਰ ਤਾਲ, ਜਤ ਤਾਲ (ਝਪ ਤਾਲ), ਪੰਜ ਤਾਲ, ਰੂਪਕ, ਦੀਪਚੰਦੀ, ਛੋਟਾ ਤੀਨ ਤਾਲ, ਝੂਮਰਾ ਤੇ ਏਕ ਤਾਲ ਵਿੱਚ ਕਰਨ ਦੇ ਯਤਨ ਕੀਤੇ ਜਾਣੇ ਚਾਹੀਦੇ ਹਨ ਤਾਂ ਜੋ ਤਬਲੇ ਦੀ ਸੰਗਤ ਕਰਨ ਵਾਲਾ ਸਿੰਘ ਗਿਆਨ ਕਰਕੇ ਆਨੰਦ ਉਪਜਾ ਸਕੇ।
12. ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੁਆਰਾ ਉਪਲਬਧ ਗ੍ਰੰਥਾਂ ਦੇ ਆਧਾਰ 'ਤੇ ਮਿੱਥੇ ਹੋਏ ਰਾਗਾਂ ਦੇ ਸਰੂਪ ਅਨੁਸਾਰ ਕੀਰਤਨ ਕੀਤਾ ਜਾਣਾ ਚਾਹੀਦਾ ਹੈ।
13. ਰਾਗੀ ਨਿਰਇੱਛਤ ਹੋ ਕੇ ਗੁਰੂ ਦੀ ਵਡਿਆਈ ਕਰਕੇ ਵਿਸ਼ਵਾਸ ਰੱਖੇ ਕਿ ਜੇ ਉਹ ਪ੍ਰੇਮ-ਭਗਤੀ ਨਾਲ ਕੀਰਤਨ ਕਰੇਗਾ ਤਾਂ ਉਸ ਲਈ ਗੁਰੂ ਦੁਆਰਾ ਬਖ਼ਸ਼ਿਸ਼ਾਂ ਦੇ ਭੰਡਾਰੇ ਖੁੱਲ੍ਹ ਜਾਣਗੇ ਤੇ ਉਹ ਸ਼ੁਹਰਤ, ਮਾਇਆ ਆਪੇ ਹੀ ਪ੍ਰਾਪਤ ਹੋ ਜਾਵੇਗੀ।

ਸੋ ਸਾਡੇ ਰਾਗੀਆਂ ਨੇ ਸੁਚੱਜੇ ਪ੍ਰਚਾਰਕਾਂ ਦੀ ਤਰ੍ਹਾਂ ਗੁਰੂ ਜੱਸ ਗਾ ਗਾ ਕੇ ਮਨੁੱਖੀ ਜੀਉੜਿਆਂ ਨੂੰ ਸਿੱਖੀ ਸਰੂਪ ਤੇ ਸਿੱਖੀ ਸਿਧਾਂਤ ਨਾਲ ਜੋੜਨਾ ਹੈ ਤਾਂ ਜੋ ਇਹ ਮਨੋਰਥ ਸਿੱਧ ਹੋ ਸਕੇ :

ਸੁਤੜੇ ਅਸੰਖ ਮਾਇਆ ਝੂਠੀ ਕਾਰਣੇ ॥
ਨਾਨਕ ਸੇ ਜਾਗੰਨਿ੍ ਜਿ ਰਸਨਾ ਨਾਮੁ ਉਚਾਰਣੇ ॥ *(ਪੰਨਾ 1425)*

ਸੋ ਇਨ੍ਹਾਂ ਉਪਰੋਕਤ ਬੇਨਤੀਆਂ ਨੂੰ ਪ੍ਰਵਾਨ ਕਰਨ ਵਾਲੇ ਰਾਗੀ ਤੇ ਕੀਰਤਨੀਏ ਹੀ ਪੰਚਮ ਪਾਤਸ਼ਾਹ ਦੀਆਂ ਖ਼ੁਸ਼ੀਆਂ, ਰਹਿਮਤਾਂ ਦੇ ਪਾਤਰ ਬਣ ਸਕਣਗੇ, ਜਿਨ੍ਹਾਂ ਨੇ ਕੀਰਤਨ ਦੀ ਦਾਤ ਸਿੱਖਾਂ ਦੀ ਝੋਲੀ ਪਾਈ ਤੇ ਉਨ੍ਹਾਂ ਅਪਣੱਤ ਭਰੇ ਲਹਿਜੇ ਵਿਚ ਇਨ੍ਹਾਂ ਨੂੰ ਆਪਣੇ ਸੱਜਣ ਤੇ ਮੀਤ ਬਣਾਇਆ। ਉਨ੍ਹਾਂ ਦੇ ਸ਼ਬਦਾਂ ਵਿੱਚ ਅੰਕਿਤ ਹੈ :

ਓਇ ਸਾਜਨ ਓਇ ਮੀਤ ਪਿਆਰੇ ॥
ਜੋ ਹਮ ਕਉ ਹਰਿ ਨਾਮੁ ਚਿਤਾਰੇ ॥ *(ਸੂਹੀ ਮਹਲਾ ੫, ਪੰਨਾ 739)*

ਅੰਤ ਵਿਚ ਇਸ ਦੀ ਪ੍ਰੋੜ੍ਹਤਾ ਕਰਦਿਆਂ ਉਨ੍ਹਾਂ ਦਰਸਾਇਆ:

ਕੋਈ ਕਰਿ ਗਲ ਸੁਣਾਵੈ ਹਰਿ ਨਾਮ ਕੀ॥
ਸੋ ਲਗੈ ਗੁਰਸਿਖਾ ਮਨਿ ਮਿਠਾ॥ *(ਪੰਨਾ 451)*

ਰਾਗ ਨਾਦੁ ਸਭੁ ਸਚੁ ਹੈ

ਗੁਰਮਤਿ ਸੰਗੀਤ ਪ੍ਰੰਪਰਾ ਦਾ ਆਧਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਹਨ ਤੇ ਇਹਨਾਂ ਦਾ ਆਧਾਰ ਇਨ੍ਹਾਂ ਵਿੱਚ ਅੰਕਿਤ ਸ਼ਬਦ ਹਨ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸ਼ਬਦ ਦੇ ਸੰਚਾਰ ਲਈ ਜੋ ਮਾਧਿਅਮ ਅਪਣਾਇਆ, ਉਹ ਰਾਗ, ਨਾਦ ਹੈ। ਰਾਗ ਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚਲੀ ਬਾਣੀ ਦਾ ਮੂਲ ਤੱਤ ਹੈ ਅਤੇ ਇਥੇ ਰਾਗ ਨਾਦ ਨੂੰ ਹੀ ਸ੍ਰਿਸ਼ਟੀ ਦਾ ਮੂਲ ਸੋਮਾ ਮੰਨਿਆ ਹੈ, ਜਿਸ ਦੀ ਕੀਰਤੀ ਭਾਵ ਮੁੱਲ ਨਹੀਂ ਪਾਇਆ ਜਾ ਸਕਦਾ।

ਹੁਣ ਇਹ ਪ੍ਰਸ਼ਨ ਉੱਠਦਾ ਹੈ ਕਿ ਰਾਗ ਕੀ ਹੈ ?

ਇਸ ਨੂੰ ਗੁਰਬਾਣੀ ਦਾ ਆਧਾਰ ਬਣਾਉਣ ਦੀ ਲੋੜ ਕਿਉਂ ਪਈ ?

ਇਸ ਦਾ ਮਨੁੱਖੀ ਮਨ 'ਤੇ ਕੀ ਪ੍ਰਭਾਵ ਪੈਂਦਾ ਹੈ ?

ਇਹ ਕੁਦਰਤ ਦੀ ਕੀਰਤੀ ਦਾ ਪ੍ਰਤੀਕ ਕਿਵੇਂ ਹੈ ?

ਇਸ ਦੀ ਕੀਮਤ ਕਹਿਣ, ਸੁਣਨ ਤੋਂ ਬਾਹਰ ਕਿਉਂ ਹੈ ?

ਇਹਨਾਂ ਸਾਰੇ ਪ੍ਰਸ਼ਨਾਂ ਦਾ ਉੱਤਰ ਹੈ ਕਿ ਗੁਰਬਾਣੀ ਵਿੱਚ ਬ੍ਰਹਮ ਦੀ ਹੋਂਦ ਨੂੰ ਪ੍ਰਗਟਾਇਆ ਗਿਆ ਹੈ ਤੇ ਉਸਦੇ ਗੁਣਾਂ ਦਾ ਵਰਣਨ ਹੈ। ਉਸ ਦੇ ਗੁਣਾਂ ਨੂੰ ਜੇਕਰ ਰਾਗਾਂ ਰਾਹੀਂ ਗਾਇਆ ਜਾਵੇ ਤਾਂ ਤੁਸੀਂ ਗਾਉਂਦੇ-ਗਾਉਂਦੇ ਆਪ ਉਸ ਦਾ ਰੂਪ ਬਣ ਜਾਂਦੇ ਹੋ। ਇਸੇ ਕਰਕੇ ਸਤਿਗੁਰਾਂ ਨੇ ਸਾਰੀ ਬਾਣੀ ਰਾਗਾਂ ਵਿੱਚ ਉਚਾਰਨ ਕੀਤੀ। ਸੋ ਹੁਣ ਇਹ ਵਿਚਾਰਨਾ ਜ਼ਰੂਰੀ ਹੈ ਕਿ ਰਾਗ ਕੀ ਹੈ ?

ਰਾਗ ਤੋਂ ਭਾਵ ਹੈ ਸੁਰਾਂ ਨੂੰ ਕਿਸੇ ਵਿਸ਼ੇਸ਼ ਢੰਗ ਨਾਲ ਪ੍ਰਗਟਾਉਣਾ। ਰਾਗ ਸੁਰ ਤੇ ਸਵਾਸ ਨੂੰ ਬੰਨ੍ਹਣ ਦਾ ਨਾਮ ਹੈ, ਜਿਸ ਨੂੰ ਕੰਨਾਂ ਰਾਹੀਂ ਸੁਣ ਕੇ ਚਿੱਤ ਪ੍ਰਸੰਨ ਹੋਵੇ ਅਤੇ ਪ੍ਰੀਤ ਉਤਪੰਨ ਹੋਵੇ। ਰਾਗ ਨੂੰ ਆਤਮਾ ਦੀ ਖ਼ੁਰਾਕ ਵੀ ਕਿਹਾ ਜਾਂਦਾ ਹੈ। ਰਾਗ ਅਤੇ ਸ਼ਬਦ ਕੀਰਤਨ ਦਾ ਇੱਕ ਅਜਿਹਾ ਸੁਮੇਲ ਹੈ ਜਿਸ ਨਾਲ ਮਨ ਨੂੰ ਸੰਕਲਪਾਂ ਅਤੇ ਵਿਕਲਪਾਂ ਵਿੱਚੋਂ ਕੱਢ ਕੇ, ਇਕਾਗਰ ਕਰ ਕੇ, ਭਗਤੀ ਵਿੱਚ ਲੀਨ ਕਰਨਾ ਹੈ। ਰਾਗ ਇੱਕ ਅਜਿਹੀ ਸੂਖਮ ਕਲਾ ਹੈ, ਜਿਸ ਦੇ ਜਾਦੂ ਨਾਲ ਜ਼ਹਿਰੀਲਾ ਸੱਪ ਮਸਤੀ ਵਿੱਚ ਆ ਕੇ ਆਪਣਾ ਸਿਰ ਸੁੱਟ ਦਿੰਦਾ ਹੈ। ਪਿਆਨੋ ਸੁਣ ਕੇ ਗਊਆਂ ਦੁੱਧ ਵਧੇਰੇ ਦਿੰਦੀਆਂ ਹਨ। ਰਾਗ-ਬੱਧ ਸੰਗੀਤ ਨਾਲ ਬਨਸਪਤੀ ਵਧੇਰੇ ਪ੍ਰਫੁੱਲਤ ਹੁੰਦੀ ਹੈ ਤੇ ਪੰਘੂੜੇ ਵਿੱਚ ਪਿਆ ਰੋਂਦਾ ਬੱਚਾ ਸਾਜ਼ ਦੀ ਆਵਾਜ਼ ਸੁਣਨ ਨਾਲ ਚੁੱਪ ਕਰ ਜਾਂਦਾ ਹੈ। ਇਤਨੇ ਕੋਮਲ ਤੇ ਪ੍ਰਭਾਵਸ਼ਾਲੀ ਹੁਨਰ ਦੀ ਸੁਚੱਜੀ ਵਰਤੋਂ ਸੁਰਤ ਨੂੰ ਉੱਚਿਆਂ ਕਰ, ਬ੍ਰਹਮ ਅਵਸਥਾ ਤਕ ਪਹੁੰਚਾਉਣ ਦੇ ਸਮਰਥ ਕਰ ਦਿੰਦੀ ਹੈ।

ਮਨੁੱਖ ਹੀ ਨਹੀਂ, ਸਗੋਂ ਉਸ ਕਾਦਰ ਦੀ ਕੁਦਰਤ ਵਿੱਚ ਵੀ ਰਾਗ ਤੇ ਨਾਦ

ਦਾ ਪ੍ਰਵਾਹ ਚੱਲ ਰਿਹਾ ਹੈ। ਝਰਨਿਆਂ ਦੀ ਛਣਕਾਰ, ਹਵਾ ਦੀ ਸਰਸਰਾਹਟ, ਵਰਖਾ ਦੀ ਕਿਣਮਿਣ ਤੇ ਬੱਦਲਾਂ ਦੀ ਗਰਜ ਵੀ ਇਕ ਸੁਰ ਤੇ ਲੈਅ ਵਿੱਚ ਬੱਝੀ ਹੋਈ ਹੈ।

ਜੇ ਕਦੀ ਧਿਆਨ ਨਾਲ ਸੁਣੋ ਤਾਂ ਬੁਲਬੁਲ ਦੀ ਆਵਾਜ਼, ਕੋਇਲ ਦੀ ਕੂ-ਕੂ ਤੇ ਕੁੱਕੜ ਦੀ ਬਾਂਗ ਵਿੱਚ ਵੀ ਰਾਗ ਤੇ ਨਾਦ ਦੀ ਧੁਨ ਗੂੰਜਦੀ ਹੈ। ਸੋ ਰਾਗ ਦੀ ਸ਼ਕਤੀ ਦਾ ਅਨੁਭਵ ਕਰਦਿਆਂ ਪ੍ਰਥਮ ਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਲੋਕਾਈ ਨੂੰ ਦੁਨਿਆਵੀ ਬੰਧਨਾਂ ਤੋਂ ਤੋੜ ਕੇ, ਪ੍ਰਮੇਸ਼ਵਰ ਦੇ ਪਿਆਰ ਵਿੱਚ ਬੰਨ੍ਹਣ ਲਈ, ਉਨ੍ਹਾਂ ਦੀਆਂ ਅਸੁਰੀ ਬਿਰਤੀਆਂ ਨੂੰ ਠੱਲ੍ਹ ਪਾਉਣ ਲਈ ਤੇ ਕਿਸੇ ਅਕਹਿ ਸੁਆਦ, ਪਿਆਰ ਤੇ ਵਿਸਮਾਦ ਵਿਚ ਲਿਆਉਣ ਲਈ ਰਾਗ-ਬੱਧ ਬਾਣੀ ਦਾ ਗਾਇਣ ਕੀਤਾ। ਉਨ੍ਹਾਂ ਦੇ ਸਾਥੀ ਭਾਈ ਮਰਦਾਨਾ ਜੀ ਨੇ ਉਚਾਰਨ ਕੀਤੀ ਬਾਣੀ ਨੂੰ ਸੰਗੀਤਮਈ ਰੰਗਤ ਦੇਣ ਲਈ ਰਬਾਬ ਦੀਆਂ ਸੁਰਾਂ ਛੇੜੀਆਂ। ਗੁਰੂ ਜੀ ਪੰਜਾਬ ਦੀਆਂ ਬਾਰਾਂ, ਦਰਿਆਵਾਂ ਦੇ ਕੰਢਿਆਂ, ਜੰਗਲਾਂ, ਬੀਆਬਾਨਾਂ, ਮਾਰੂਥਲਾਂ, ਕੰਦਰਾਂ, ਪਹਾੜਾਂ 'ਤੇ ਜਦੋਂ ਰਾਗ-ਮਈ ਸੁਰਾਂ ਤੇ ਰਬਾਬ ਦੀਆਂ ਤਾਰਾਂ ਨਾਲ ਕੀਰਤਨ ਕਰਦੇ ਤਾਂ ਲੋਕ ਆਪ-ਮੁਹਾਰੇ ਉਨ੍ਹਾਂ ਵੱਲ ਖਿੱਚੇ ਆਉਂਦੇ। ਅਸੁਰੀ ਬਿਰਤੀਆਂ ਵਾਲੇ ਮਨੁੱਖ ਵੀ ਸੁਰ ਵਿਚ ਆ ਜਾਂਦੇ। ਸੱਜਣ ਠੱਗ, ਕੌਡੇ ਰਾਖਸ਼, ਨੂਰਸ਼ਾਹ ਜਾਦੂਗਰਨੀ, ਹਮਜ਼ਾ ਗੌਂਸ ਤੇ ਵਲੀ ਕੰਧਾਰੀ ਨੇ ਜੇਕਰ ਆਪਣੀਆਂ ਅਸੁਰੀ ਬਿਰਤੀਆਂ ਨੂੰ ਤਿਆਗਿਆ ਤਾਂ ਉਸਦੇ ਪਿਛੋਕੜ ਇਹ ਕੀਰਤਨ ਹੀ ਸੀ ਜਿਸਨੇ ਕਠੋਰ ਮਨ ਨੂੰ ਮੋਮ ਕਰ ਦਿੱਤਾ।

ਗੁਰੂ ਸਾਹਿਬ ਤੋਂ ਪਹਿਲਾਂ ਵੀ ਰਾਗ ਨਾਦ ਦੀ ਵਰਤੋਂ ਹੁੰਦੀ ਸੀ, ਪਰ ਉਸਦੀ ਵਰਤੋਂ ਨੀਵੀਂ ਰੁਚੀ ਵਾਲੀ ਸੀ। ਸ਼ਾਹੀ ਦਰਬਾਰਾਂ ਵਿਚ ਮੁਜਰੇ ਹੁੰਦੇ ਸਨ। ਮੰਦਰਾਂ ਵਿੱਚ ਦੇਵਦਾਸੀਆਂ ਪੈਰਾਂ ਵਿੱਚ ਘੁੰਘਰੂ ਪਾ ਕੇ ਨੱਚਦੀਆਂ ਸਨ। ਖ਼ਾਨਗਾਹਾਂ 'ਤੇ ਵੀ ਨਾਚ ਹੁੰਦੇ ਸਨ, ਪਰ ਗੁਰੂ ਨਾਨਕ ਦੇਵ ਜੀ ਨੇ ਇਸ ਤਰ੍ਹਾਂ ਦੇ ਨਾਦ ਨੂੰ ਬਦਲਣ ਦਾ ਯਤਨ ਕੀਤਾ। ਗੁਰੂ ਸਾਹਿਬਾਂ ਨੇ ਰਾਗ-ਬੱਧ ਕੀਰਤਨ ਮਨੁੱਖੀ ਮਨ ਨੂੰ ਰੰਗਣ ਲਈ ਵਰਤਿਆ, ਨਾ ਕਿ ਕਾਮ-ਉਤੇਜਨਾਵਾਂ ਪੈਦਾ ਕਰ ਕੇ ਮਨ ਦੀਆਂ ਬਿਰਤੀਆਂ ਨੂੰ ਬੁਰੇ ਪਾਸੇ ਲਿਜਾਣ ਲਈ।

ਗੁਰੂ ਘਰ ਵਿੱਚ ਗੁਰਬਾਣੀ ਨੂੰ ਰਾਗ ਵਿੱਚ ਗਾਉਣ ਦੀ ਸੰਗਿਆ ਕੀਰਤਨ ਅਖਵਾਈ ਤੇ ਇਸ ਕੀਰਤਨ ਨੂੰ 'ਨਿਰਮੋਲਕ ਹੀਰਾ' ਦਾ ਨਾਮ ਦਿੱਤਾ। ਭਾਵੇਂ ਸਮੇਂ-ਸਮੇਂ 'ਤੇ ਮਨੁੱਖੀ ਜੀਵਨ ਦੁਆਰਾ ਪ੍ਰਭੂ ਦੀ ਭਗਤੀ ਲਈ ਕਈ ਸਾਧਨ ਵਰਤੇ ਗਏ, ਪਰ ਗੁਰੂ ਸਾਹਿਬ ਨੇ ਕਲਜੁਗ ਵਿੱਚ ਕੀਰਤਨ ਭਗਤੀ ਨੂੰ ਸਭ ਤੋਂ ਉੱਤਮ ਤੇ ਸਭ ਤੋਂ ਸੌਖੀ ਭਗਤੀ ਦਰਸਾਇਆ ਕਿਉਂਕਿ ਇਸ ਰਾਹੀਂ ਕੀਤੀ ਸਾਧਨਾ ਅਧਿਆਤਮਿਕ ਪੰਧ ਲਈ ਅਪਣਾਏ ਸਾਧਨਾਂ ਵਿੱਚੋਂ ਸਭ ਤੋਂ ਸੌਖਾ ਸਾਧਨ ਹੈ, ਜਿਸ ਰਾਹੀਂ ਭੈ-ਭਾਉ-ਭਾਵਨੀ ਉਪਜਦੀ ਹੈ। ਗੁਰੂ ਸਾਹਿਬ ਇਸ ਦਾ ਪ੍ਰਮਾਣ 'ਜਪੁਜੀ ਸਾਹਿਬ' ਵਿੱਚ ਦਿੰਦੇ ਹਨ ਕਿ "ਗਾਵੀਐ ਸੁਣੀਐ ਮਨਿ ਰਖੀਐ ਭਾਉ ॥" ਰਾਗ-ਬੱਧ ਗੁਰਬਾਣੀ ਨੂੰ ਗਾਉਣ ਤੇ ਸੁਣਨ ਵਾਲਾ ਮਨੁੱਖ ਸਹਿਜੇ ਹੀ ਸੰਜਮ ਵਰਗੇ ਗੁਣ ਦਾ ਧਾਰਨੀ ਬਣ ਜਾਂਦਾ ਹੈ। ਇਸ ਕਰਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ "ਗੁਰਬਾਣੀ ਗਾਵਹ ਭਾਈ" ਅਤੇ "ਗਾਇਨ ਤਾਰ ਮਿਲਾਵਹੀ" ਦਾ ਸੰਕੇਤ ਦਿੱਤਾ ਹੋਇਆ ਹੈ। ਗੁਰੂ

ਘਰ ਵਿੱਚ ਕੀਰਤਨ ਨੂੰ ਸਮੂਹਿਕ ਰੂਪ ਵਿੱਚ ਕਰਨ ਦੀ ਮਰਿਆਦਾ ਗੁਰੂ ਅਰਜਨ ਸਾਹਿਬ ਨੇ ਸਥਾਪਿਤ ਕੀਤੀ। ਇਤਿਹਾਸ ਵਿੱਚ ਇਸ ਗੱਲ ਦਾ ਜ਼ਿਕਰ ਆਉਂਦਾ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਪਾਦਨਾ ਤੋਂ ਪਹਿਲਾਂ ਪੰਚਮ ਪਾਤਸ਼ਾਹ ਕੁਝ ਸੰਗਤਾਂ ਨੂੰ ਨਾਲ ਲੈ ਕੇ ਗੋਇੰਦਵਾਲ ਸਾਹਿਬ ਵਿਖੇ ਬਾਬਾ ਮੋਹਨ ਜੀ ਦੇ ਚੁਬਾਰੇ ਹੇਠ ਬੈਠ ਕੇ ਸਮੂਹਿਕ ਰੂਪ ਵਿੱਚ ਕੀਰਤਨ ਕਰਨ ਲੱਗ ਪਏ। ਬਾਬਾ ਜੀ ਸਮਾਧੀ ਵਿਚ ਲੀਨ ਸਨ। ਉਨ੍ਹਾਂ ਕਿੰਨਾ ਹੀ ਸਮਾਂ ਲਗਾਤਾਰ ਤੰਬੂਰੇ ਨਾਲ ਕੀਰਤਨ ਕੀਤਾ, ਜਿਸ ਨਾਲ ਬਾਬਾ ਮੋਹਨ ਜੀ ਦੀ ਸਮਾਧੀ ਖੁੱਲ੍ਹ ਗਈ ਤੇ ਉਨ੍ਹਾਂ ਬਾਣੀ ਦੀਆਂ ਪੋਥੀਆਂ ਗੁਰੂ ਸਾਹਿਬ ਨੂੰ ਅਦਬ ਸਹਿਤ ਅਰਪਿਤ ਕਰ ਦਿੱਤੀਆਂ। ਰਾਗ ਤੇ ਨਾਦ ਪ੍ਰਤੀ ਆਪ ਜੀ ਦੀ ਕਿੰਨੀ ਲਗਨ ਸੀ, ਇਸ ਦਾ ਅਨੁਮਾਨ ਆਪ ਜੀ ਦੀਆਂ ਇਨ੍ਹਾਂ ਤੁਕਾਂ ਤੋਂ ਲਾਇਆ ਜਾ ਸਕਦਾ ਹੈ :

ਧੰਨੁ ਸੁ ਰਾਗ ਸੁਰੰਗੜੇ ਆਲਾਪਤ ਸਭ ਤਿਖ ਜਾਇ ॥ *(ਪੰਨਾ 958)*

ਗੁਰੂ ਸਾਹਿਬ ਫ਼ੁਰਮਾਉਂਦੇ ਹਨ–ਧੰਨ ਉਹ ਸੁਹਾਵਣੇ ਤੇ ਰੰਗੀਲੇ ਰਾਗ ਹਨ ਜਿਨ੍ਹਾਂ ਦੇ ਆਲਾਪ ਕਰਨ ਨਾਲ ਦਿਲ ਦੀਆਂ ਸਾਰੀਆਂ ਪਿਆਸਾਂ ਬੁੱਝ ਜਾਂਦੀਆਂ ਹਨ ਤੇ ਤਬੀਅਤ ਆਪਣੇ ਆਪ ਅਡੋਲ ਹੋ ਜਾਂਦੀ ਹੈ। ਸਿੱਖ ਇਤਿਹਾਸ ਇਸ ਗੱਲ ਦੀ ਗਵਾਹੀ ਭਰਦਾ ਹੈ ਕਿ ਗੁਰੂ ਅਰਜਨ ਦੇਵ ਜੀ ਦੇ ਸਮੇਂ ਤਕ ਕੀਰਤਨ ਰਬਾਬੀਆਂ ਦੁਆਰਾ ਸੀਨਾ-ਬ-ਸੀਨਾ ਗੁਰੂ ਘਰ ਵਿੱਚ ਪ੍ਰਚਲਿਤ ਰਿਹਾ। ਉਨ੍ਹਾਂ ਦੀ ਕੀਰਤਨ-ਸ਼ੈਲੀ ਇਕ ਬਿੱਖੜੀ ਸ਼ੈਲੀ ਸੀ, ਜੋ ਸ਼ਾਸਤਰੀ ਸੰਗੀਤ ਉਪਰ ਆਧਾਰਿਤ ਸੀ। ਉਹ ਰਬਾਬੀ ਮੁਸਲਮਾਨ ਗਵੱਈਆਂ ਤੋਂ ਉਮਰਾਂ-ਬੱਧੀ ਸਿੱਖਦੇ ਤੇ ਆਪਣਾ ਸਮੁੱਚਾ ਜੀਵਨ ਸੰਗੀਤ ਵਿੱਦਿਆ ਲਈ ਅਰਪਿਤ ਕਰਦੇ। ਇਸ ਲਈ ਉਨ੍ਹਾਂ ਦੇ ਕੀਰਤਨ ਵਿੱਚ ਮਾਂਜੇ-ਸੰਵਾਰੇ ਗਵੱਈਆਂ ਵਰਗਾ ਨਿਵੇਕਲਾਪਨ ਹੁੰਦਾ ਸੀ, ਪਰ ਜਦੋਂ ਗੁਰੂ ਅਰਜਨ ਸਾਹਿਬ ਜੀ ਦੇ ਸਮੇਂ ਦੇ ਰਬਾਬੀ ਸੱਤਾ ਤੇ ਬਲਵੰਡ ਹੰਕਾਰੀ ਹੋ ਗਏ ਤੇ ਗੁਰੂ ਨਾਨਕ ਦੇ ਦਰ ਦੀ ਨਿੰਦਿਆ ਕਰਨ ਲੱਗੇ ਤਾਂ ਗੁਰੂ ਸਾਹਿਬ ਨੇ ਗੁਰਬਾਣੀ ਕੀਰਤਨ ਦੀ ਦਾਤ ਸਿੱਖ ਸੰਗਤਾਂ ਦੀ ਝੋਲੀ ਪਾ ਦਿੱਤੀ। ਭਾਵੇਂ ਬਖ਼ਸ਼ਣਹਾਰ ਗੁਰੂ ਜੀ ਨੇ ਭਾਈ ਲੱਧਾ ਜੀ ਪਰਉਪਕਾਰੀ ਦੀ ਬੇਨਤੀ 'ਤੇ ਇਹਨਾਂ ਨੂੰ ਬਖ਼ਸ਼ ਦਿੱਤਾ ਤੇ ਰਬਾਬੀ ਗੁਰੂ ਘਰ ਦੇ ਕੀਰਤਨੀਏ ਬਣੇ ਰਹੇ ਪਰ ਇਸ ਅਦੁੱਤੀ ਕੀਰਤਨ ਪ੍ਰੰਪਰਾ ਦੇ ਭਾਗੀਦਾਰ ਸਿੱਖ ਰਾਗੀ ਵੀ ਬਣ ਗਏ।

ਅਜੋਕੇ ਸਮੇਂ ਵਿੱਚ ਗੁਰੂ ਘਰ ਵਿਚ ਕੀਰਤਨ ਕਰਨ ਲਈ ਕਈ ਪ੍ਰਕਾਰ ਦੀਆਂ ਕੀਰਤਨ ਸ਼ੈਲੀਆਂ ਅਪਣਾਈਆਂ ਜਾਂਦੀਆਂ ਹਨ ਪਰ ਪੰਚਮ ਪਾਤਸ਼ਾਹ ਦੇ ਸਮੇਂ ਤੋਂ ਹਰਿਮੰਦਰ ਸਾਹਿਬ ਵਿੱਚ ਜੋ ਮਰਯਾਦਾ-ਬੱਧ ਕੀਰਤਨ ਹੋ ਰਿਹਾ ਹੈ, ਉਸ ਅਨੁਸਾਰ ਇਸ ਪਵਿੱਤਰ ਅਸਥਾਨ ਵਿਖੇ ਕੀਰਤਨ ਦੀਆਂ ਚਾਰ ਚੌਕੀਆਂ ਲੱਗਦੀਆਂ ਹਨ। ਸਵੇਰੇ ਆਸਾ ਦੀ ਵਾਰ ਦੀ ਚੌਕੀ, ਫਿਰ ਬਿਲਾਵਲ, ਸ਼ਾਮ ਨੂੰ ਸੋਦਰੁ ਦੀ ਚੌਕੀ ਤੇ ਰਾਤ ਨੂੰ ਕਲਿਆਣ ਰਾਗ ਦੀ ਚੌਕੀ। ਇਹ ਚੌਕੀਆਂ ਕੀਰਤਨ ਪ੍ਰੇਮੀਆਂ ਨੂੰ ਇੱਕ ਅਨੂਠਾ ਰਸ ਪ੍ਰਦਾਨ ਕਰਦੀਆਂ ਹਨ। ਚੌਕੀ ਪੁਰਾਤਨ ਸੰਗੀਤ ਪ੍ਰਬੰਧ 'ਤੇ ਆਧਾਰਿਤ

ਹੈ। ਪਹਿਲਾਂ ਮੰਗਲਾਚਰਨ, ਫਿਰ ਵੱਡੇ ਤਾਲ ਵਿਚ ਗਾਈ ਧਰੁਪਦ ਧੁਮਾਰ ਸ਼ੈਲੀ ਦੀ ਬੰਦਿਸ਼, ਫਿਰ ਸੁਗਮ ਰੀਤ ਅਤੇ ਅੰਤ ਵਿੱਚ ਵਾਰ ਦੀ ਪਉੜੀ ਨਾਲ ਚੌਕੀ ਨੂੰ ਸਮਾਪਤ ਕੀਤਾ ਜਾਂਦਾ ਹੈ।

ਰੁੱਤਾਂ ਦੇ ਬਦਲਣ ਨਾਲ ਹਰਿਮੰਦਰ ਸਾਹਿਬ ਦਾ ਕੀਰਤਨ ਹੋਰ ਵੀ ਰਾਗਮਈ ਹੋ ਜਾਂਦਾ ਹੈ। ਬਸੰਤ ਰਾਗ ਦਾ ਕੀਰਤਨ ਮਾਘੀ ਵਾਲੇ ਦਿਨ ਤੋਂ ਆਰੰਭ ਹੁੰਦਾ ਹੈ। ਸਾਵਣ ਅਤੇ ਭਾਦੋਂ ਦੇ ਮਹੀਨੇ ਵਿੱਚ ਮਲਾਰ ਰਾਗ ਗਾਇਆ ਜਾਂਦਾ ਹੈ। ਇਸ ਪ੍ਰੰਪਰਾਵਾਦੀ ਕੀਰਤਨ-ਪੱਧਤੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਰਾਗਾਂ, ਤਾਲਾਂ ਤੇ ਧੁਨੀਆਂ ਨੂੰ ਮੌਲਿਕ ਸ਼ੈਲੀ ਵਜੋਂ ਅਪਣਾਇਆ ਹੈ। ਇਹ ਪ੍ਰਣਾਲੀ ਆਪਣੇ ਆਪ ਵਿੱਚ ਸਾਡਾ ਵਡਮੁੱਲਾ ਤੇ ਅਮੋਲਕ ਖ਼ਜ਼ਾਨਾ ਸਮੋਈ ਬੈਠੀ ਹੈ।

ਸ੍ਰੀ ਹਰਿਮੰਦਰ ਸਾਹਿਬ ਵਿਖੇ ਹੁੰਦਾ ਕੀਰਤਨ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਅੰਕਿਤ ਬਾਣੀ ਰਾਗ-ਰਤਨ ਵਿਧਾਨ ਉਪਰ ਨਿਰਭਰ ਹੈ। ਇਸ ਕਰਕੇ ਕਈ ਉੱਚ ਕੋਟੀ ਦੇ ਰਾਗੀ ਗੁਰਬਾਣੀ ਦੇ ਸ਼ਬਦਾਂ ਨੂੰ ਨਿਰਧਾਰਿਤ ਰਾਗਾਂ ਵਿੱਚ ਗਾ ਕੇ ਆਨੰਦ ਮਾਣਦੇ ਹਨ ਤੇ ਸੰਗਤਾਂ ਨੂੰ ਵੀ ਆਨੰਦ-ਵਿਭੋਰ ਕਰਦੇ ਹਨ। ਇਹ ਇੱਕ ਅਟੱਲ ਸੱਚਾਈ ਹੈ ਕਿ ਜਦੋਂ ਸ਼ਬਦ ਨੂੰ ਰਾਗ ਵਿੱਚ ਸੁਰ-ਬੱਧ ਕਰ ਕੇ ਧੁਨੀ ਪ੍ਰਬੰਧ ਅਨੁਸਾਰ ਗਾਇਆ ਜਾਂਦਾ ਹੈ ਤਾਂ ਮਨੁੱਖੀ ਮਨ ਦੀਆਂ ਤਰਬਾਂ ਲਰਜ਼ਿਤ ਹੋ ਜਾਂਦੀਆਂ ਹਨ ਤੇ ਉਹ ਕਿਸੇ ਅਡੋਲ ਆਤਮਿਕ ਅਵਸਥਾ ਦਾ ਧਾਰਨੀ ਬਣ ਜਾਂਦਾ ਹੈ। ਅਜਿਹੀ ਅਵਸਥਾ ਪ੍ਰਤੀ ਗੁਰਬਾਣੀ ਵਿਚ ਵਰਣਿਤ ਹੈ :

ਖੁਲਿਆ ਕਰਮੁ ਕ੍ਰਿਪਾ ਭਈ ਠਾਕੁਰ, ਕੀਰਤਨੁ ਹਰਿ ਹਰਿ ਗਾਈ॥
ਸ੍ਰਮੁ ਥਾਕਾ ਪਾਏ ਬਿਸ੍ਰਾਮਾ, ਮਿਟਿ ਗਈ ਸਗਲੀ ਧਾਈ॥

(ਪੰਨਾ 1000)

ਅਜਿਹੀ ਅਵਸਥਾ 'ਤੇ ਪਹੁੰਚਣ ਲਈ ਰਾਗ-ਨਾਦ ਤੇ ਸ਼ਬਦ ਦਾ ਇੱਕ ਸੁਰ ਹੋਣਾ ਬਹੁਤ ਜ਼ਰੂਰੀ ਹੈ। ਇਹ ਇੱਕ ਪ੍ਰਤੱਖ ਪ੍ਰਮਾਣ ਹੈ :

ਰਾਗ ਨਾਦ ਸਬਦਿ ਸੋਹਣੇ ਜਾ ਲਾਗੈ ਸਹਜਿ ਧਿਆਨੁ॥ *(ਪੰਨਾ 849)*

ਰਾਗ-ਨਾਦ ਦੀ ਇਸ ਸਥਿਤੀ 'ਤੇ ਪਹੁੰਚਣ ਲਈ ਸਖ਼ਤ ਸਾਧਨਾ, ਰਿਆਜ਼ ਤੇ ਅੰਦਰਲੀ ਸੋਝੀ ਦਾ ਮੁਹਤਾਜ ਹੋਣਾ ਜ਼ਰੂਰੀ ਹੈ।

ਰਾਗੁ ਨਾਦੁ ਸਭੁ ਸਚੁ ਹੈ ਕੀਮਤਿ ਕਹੀ ਨ ਜਾਇ॥ *(ਪੰਨਾ 1423)*

ਅਨੁਸਾਰ ਰਾਗ ਤੇ ਨਾਦ ਸੱਚ ਕਰਨ ਲਈ ਰਾਗੀ ਨੂੰ ਰਾਗ ਨਾਲ ਓਤਪੋਤ ਹੋਣਾ ਪਵੇਗਾ, ਕਿਉਂਕਿ ਹਰ ਰਾਗ ਦਾ ਆਪਣਾ ਸਮਾਂ, ਸਥਾਨ ਤੇ ਸੁਭਾਅ ਹੈ। ਬਿਨਾਂ ਅਭਿਆਸ, ਸਾਧਨਾ ਤੇ ਰਿਆਜ਼ ਤੋਂ ਰਾਗ ਦਾ ਅਜਿਹਾ ਪ੍ਰਭਾਵ ਪਾਉਣਾ ਮੁਸ਼ਕਲ ਹੋ ਜਾਂਦਾ ਹੈ। ਅਲੱਗ-ਅਲੱਗ ਰਾਗ ਮਨੁੱਖੀ ਮਨ 'ਤੇ ਅੱਡ-ਅੱਡ ਪ੍ਰਭਾਵ ਛੱਡਦੇ ਹਨ।

ਸ੍ਰੀ ਰਾਗ ਸੰਬੰਧੀ ਮੰਨਿਆ ਗਿਆ ਹੈ ਕਿ ਇਹ ਸੁਰਤ ਤੇ ਮਨ ਉੱਤੇ ਢਲਦੇ ਦਿਨ ਦੀ ਖ਼ਾਮੋਸ਼ੀ ਤੇ ਖ਼ਿਆਲਾਂ ਨੂੰ ਇੱਕ ਖ਼ਾਸ ਰਸ ਵਿਚ ਭਰ ਦਿੰਦਾ ਹੈ। ਭੈਰਵ ਰਾਗ ਮਨ ਉੱਤੇ ਪੰਛੀਆਂ ਦੇ ਬੋਲਣ, ਵਾਯੂ ਦੀ ਸੁਗੰਧੀ ਤੇ ਅੰਮ੍ਰਿਤ ਵੇਲੇ ਦੇ ਦ੍ਰਿਸ਼

ਦਾ ਅਸਰ ਪੈਦਾ ਕਰਦਾ ਹੈ। ਮਲਾਰ ਬਾਰਸ਼ ਦੇ ਆਉਣ ਤੇ ਬਿਜਲੀ ਦੇ ਚਮਕਣ ਦਾ ਰੰਗ ਬੰਨ੍ਹਦਾ ਹੈ। ਦੀਪਕ ਵਾਯੂ ਮੰਡਲ ਵਿੱਚ ਤਪਸ਼ ਪੈਦਾ ਕਰਨ ਵਾਲਾ ਰਾਗ ਮੰਨਿਆ ਗਿਆ ਹੈ। ਮਾਲਕੌਂਸ ਦਾ ਕੰਮ ਜੋਸ਼, ਬਲ ਤੇ ਉਤਸ਼ਾਹ ਪੈਦਾ ਕਰਨਾ ਹੈ। ਹਿੰਡੋਲ ਦੇ ਗਾਉਣ ਨਾਲ ਬਸੰਤ ਦਾ ਖੇੜਾ ਤੇ ਖ਼ੁਸ਼ੀ ਆਉਂਦੀ ਹੈ। ਰਾਗਾਂ ਦੀ ਇਸ ਵਿਲੱਖਣਤਾ ਪ੍ਰਤੀ ਗੁਰੂ ਗੋਬਿੰਦ ਸਿੰਘ ਜੀ ਨੇ ਉਚਾਰਿਆ ਹੈ:

ਨਮੋ ਗੀਤ ਗੀਤੇ॥ ਨਮੋ ਤਾਨ ਤਾਨੇ॥
ਨਮੋ ਨ੍ਰਿੱਤ ਨ੍ਰਿੱਤੇ॥ ਨਮੋ ਨਾਦ ਨਾਦੇ॥
ਨਮੋ ਪਾਨ ਪਾਨੇ॥ ਨਮੋ ਬਾਦ ਬਾਦੇ॥ *(ਜਾਪੁ ਸਾਹਿਬ)*

ਸੋ ਉਪਰੋਕਤ ਲਿਖਤ ਰਾਹੀਂ ਇਹ ਸਾਰੰਸ਼ ਕੱਢਿਆ ਜਾ ਸਕਦਾ ਹੈ ਕਿ ਰਾਗ-ਬੱਧ ਬਾਣੀ ਸਾਡਾ ਇੱਕ ਦੁਰਲੱਭ ਤੇ ਵਡਮੁੱਲਾ ਖ਼ਜ਼ਾਨਾ ਹੈ। ਇਸ ਖ਼ਜ਼ਾਨੇ ਨੂੰ ਦੋਹੀਂ ਹੱਥੀਂ ਵੰਡਣ ਲਈ ਸੰਗੀਤ-ਪ੍ਰੇਮੀਆਂ, ਸੰਗੀਤ-ਅਧਿਆਪਕਾਂ ਤੇ ਰਾਗੀਆਂ ਨੂੰ ਮਿਹਨਤ ਕਰ ਕੇ ਪੁਰਾਤਨ ਰਵਾਇਤੀ ਕੀਰਤਨ ਪ੍ਰੰਪਰਾ ਨੂੰ ਜਾਰੀ ਰੱਖਣ ਲਈ ਪੁਰਜ਼ੋਰ ਯਤਨ ਕਰਨੇ ਚਾਹੀਦੇ ਹਨ। ਉਨ੍ਹਾਂ ਦੇ ਯਤਨਾਂ ਸਦਕਾ ਅਜੋਕੇ ਸਮੇਂ ਦੇ ਸਰੋਤਿਆਂ ਵਿੱਚ ਚੰਗੀ ਸਰੋਤ ਪੈਦਾ ਹੋ ਜਾਵੇਗੀ। ਹੋਰ ਵੀ ਚੰਗਾ ਹੋਵੇ ਜੇਕਰ ਤੰਤੀ ਸਾਜ਼ਾਂ ਦੀ ਵਰਤੋਂ ਕੀਤੀ ਜਾਵੇ। ਇਹਨਾਂ ਦੀ ਮਹੱਤਤਾ ਰਾਗ-ਨਾਦ ਰਾਹੀਂ ਸ਼ਬਦ ਸੋਹਣੇ ਨੂੰ ਸੁਸ਼ੋਭਿਤ ਕਰਨ ਲਈ ਸਹਾਇਕ ਸਿੱਧ ਹੋਵੇਗੀ। ਸੋ ਰਾਗ-ਨਾਦ ਰੂਪ ਕੀਰਤਨ ਦੀ ਸਿੱਖਿਆ ਤੇ ਪ੍ਰਯੋਗ ਲਈ ਇੱਕ-ਜੁੱਟ ਹੋ ਕੇ ਯਤਨ ਆਰੰਭੇ ਜਾਣ ਦੀ ਲੋੜ ਹੈ ਤਾਂ ਜੋ ਘਟੀਆ ਫ਼ਿਲਮੀ-ਟਿਊਨਾਂ ਦੀ ਲੱਗ-ਲਬੇੜ ਤੋਂ ਗੁਰੂ ਦੁਆਰਾ ਸਾਜੀ ਹੋਈ ਬਾਣੀ ਨੂੰ ਬਚਾਇਆ ਜਾਵੇ ਤੇ ਇਸ ਨੂੰ ਰਾਗ-ਬੱਧ ਰੂਪ ਵਿੱਚ ਗਾ ਕੇ ਪਾਕ-ਪਵਿੱਤਰ ਰਹਿਣ ਦਿੱਤਾ ਜਾਵੇ, ਤਾਂ ਜੋ ਸਾਡੀ ਸੁਨਹਿਰੀ ਪ੍ਰਾਚੀਨ ਪ੍ਰੰਪਰਾ ਜੀਵਤ ਰਹਿ ਸਕੇ।

ਕਿਨਿ ਬਿਧਿ ਕੀਰਤਨੁ ਗਾਏ ਜੀਉ ? ਗੁਰਮੁਖਿ ਕੀਰਤਨੁ ਗਾਏ ਜੀਉ

ਪਵਿੱਤਰ ਪਾਵਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪੰਨਾ 131 'ਤੇ ਰਾਗ ਮਾਝ ਵਿੱਚ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਮੁਖਾਰਬਿੰਦ ਤੋਂ ਉਚਾਰਿਆ ਇੱਕ ਸ਼ਬਦ ਅੰਕਿਤ ਹੈ, ਜਿਹੜਾ ਕਿ ਪ੍ਰਸ਼ਨੋਤਰੀ ਸ਼ੈਲੀ ਵਿੱਚ ਪ੍ਰਸਤੁਤ ਹੈ। ਇਸ ਸ਼ਬਦ ਤੇ ਚਾਰ ਪਦਿਆਂ ਰਾਹੀਂ ਚੌਵੀ ਪ੍ਰਸ਼ਨ ਕੀਤੇ ਗਏ ਹਨ ਤੇ ਇਸੇ ਤਰ੍ਹਾਂ ਦੇ ਚਾਰ ਪਦਿਆਂ ਰਾਹੀਂ ਕ੍ਰਮਵਾਰ ਚੌਵੀ ਉੱਤਰ ਵੀ ਪ੍ਰਗਟਾਏ ਗਏ ਹਨ। ਪਹਿਲਾ ਪ੍ਰਸ਼ਨ ਹੈ :

> **ਕਉਣੁ ਸੁ ਚਾਲ ਜਿਤੁ ਪਾਰਬ੍ਰਹਮੁ ਧਿਆਏ,**
> **ਕਿਨਿ ਬਿਧਿ ਕੀਰਤਨੁ ਗਾਏ ਜੀਉ ॥** *(ਪੰਨਾ 131)*

ਅਗਲੀਆਂ ਸਤਰਾਂ ਵਿੱਚ ਹੀ ਉੱਤਰ ਪ੍ਰਸਤੁਤ ਹੈ :

> **ਗੁਰਮੁਖਿ ਚਾਲ ਜਿਤੁ ਪਾਰਬ੍ਰਹਮੁ ਧਿਆਏ, ਗੁਰਮੁਖਿ ਕੀਰਤਨੁ ਗਾਏ ਜੀਉ ॥** *(ਪੰਨਾ 131)*

ਹੁਣ ਇਹ ਪ੍ਰਸ਼ਨ ਪੈਦਾ ਹੁੰਦਾ ਹੈ ਕਿ ਗੁਰਮੁਖ ਕੌਣ ਹੈ ਤੇ ਉਸ ਨੂੰ ਕਿਸ ਢੰਗ ਨਾਲ ਕੀਰਤਨ ਕਰਨਾ ਚਾਹੀਦਾ ਹੈ ?

ਗੁਰਮਤਿ ਅਨੁਸਾਰ ਗੁਰੂ ਦੀ ਆਗਿਆ ਅਨੁਸਾਰ ਚੱਲਣ ਵਾਲਾ ਗੁਰਮੁਖ ਅਖਵਾਉਂਦਾ ਹੈ। ਉਹ ਉਹੀ ਕਰਮ ਕਰਦਾ ਹੈ ਜੋ ਗੁਰੂ ਨੂੰ ਭਾਉਂਦੇ ਹੋਣ। ਉਹ ਨਿਸ਼ਕਾਮ ਹੋ ਕੇ ਵਰਤਦਾ ਹੈ। ਉਹ ਜੋ ਕੁਝ ਉਚਾਰਦਾ ਹੈ, ਸੁਭਾਵਿਕ ਹੋ ਕੇ ਉਚਾਰਦਾ ਹੈ। ਉਸ ਦੁਆਰਾ ਕੀਤਾ ਕੀਰਤਨ ਉਸਦੇ ਸੁਭਾਉ ਦਾ ਹਿੱਸਾ ਬਣ ਜਾਂਦਾ ਹੈ। ਉਹ ਕਿਸੇ ਦੁਨਿਆਵੀ ਖਿੱਚ ਕਾਰਨ ਜਾਂ ਡਰ, ਤੌਖਲੇ ਅੰਦਰ ਨਹੀਂ ਵਿਚਰਦਾ, ਸਗੋਂ ਉਹ ਆਪ-ਮੁਹਾਰੇ ਆਪਣੇ ਅੰਦਰਲੇ ਨੂੰ ਰਸਦਾਇਕ ਬਣਾਉਣ ਲਈ ਕੀਰਤਨ ਕਰਦਾ ਹੈ। ਉਹ ਆਪਣੀ ਹਉਮੈ ਨੂੰ ਛੱਡ ਕੇ ਆਪਣੇ ਆਪ ਨੂੰ ਗੁਰੂ ਦੇ ਹਵਾਲੇ ਕਰ ਕੇ ਉਸਦਾ ਉਪਦੇਸ਼ ਕਮਾਉਂਦਾ ਹੈ।

ਅਗਲਾ ਪ੍ਰਸ਼ਨ ਹੈ ਕਿ ਉਸਨੇ ਕਿਸ ਪ੍ਰਕਾਰ ਦਾ ਕੀਰਤਨ ਕਰਨਾ ਹੈ ?

ਗੁਰੂ ਘਰ ਵਿੱਚ ਕੀਰਤਨ ਦੀਆਂ ਬਹੁਤ ਸਾਰੀਆਂ ਪ੍ਰਣਾਲੀਆਂ ਪ੍ਰਚਲਿਤ ਹਨ। ਸਭ ਤੋਂ ਪਹਿਲਾਂ ਤਾਂ ਹਰਿਮੰਦਰ ਸਾਹਿਬ ਅੰਮ੍ਰਿਤਸਰ ਵਿਖੇ ਇੱਕ ਪ੍ਰੰਪਰਾਵਾਦੀ ਕੀਰਤਨ-ਪੱਧਤੀ ਪ੍ਰਚਲਿਤ ਹੈ। ਇਸ ਤੋਂ ਇਲਾਵਾ ਅੱਡ-ਅੱਡ ਰਾਗੀ ਵੱਖਰੇ-ਵੱਖਰੇ ਅੰਦਾਜ਼ ਤੇ ਪੱਧਤੀਆਂ ਦੁਆਰਾ ਕੀਰਤਨ ਕਰ ਕੇ ਸੰਗਤਾਂ ਨੂੰ ਪ੍ਰਸੰਨ-ਚਿਤ ਕਰਦੇ ਹਨ। ਅਲੱਗ-ਅਲੱਗ ਗੁਰਦੁਆਰਿਆਂ, ਡੇਰਿਆਂ, ਠਾਟਾਂ 'ਚ ਭਿੰਨ-ਭਿੰਨ ਢੰਗ ਦਾ

ਕੀਰਤਨ ਕੀਤਾ ਜਾਂਦਾ ਹੈ, ਜਿਨ੍ਹਾਂ ਨੂੰ ਵਿਆਖਿਆ ਪ੍ਰਧਾਨ ਕੀਰਤਨ, ਅਖੰਡ ਕੀਰਤਨ, ਸਾਜ਼ ਪ੍ਰਧਾਨ ਕੀਰਤਨ, ਤਰਜ਼ ਪ੍ਰਧਾਨ ਕੀਰਤਨ, ਸਮੂਹਿਕ ਕੀਰਤਨ, ਸ਼ਬਦ-ਰੀਤ ਪ੍ਰਧਾਨ ਕੀਰਤਨ ਤੇ ਰਾਗ-ਪ੍ਰਧਾਨ ਕੀਰਤਨ ਦਾ ਨਾਮ ਦਿੱਤਾ ਗਿਆ ਹੈ। ਸਮੇਂ, ਸਥਾਨ ਤੇ ਸਥਿਤੀ ਤੋਂ ਪ੍ਰਭਾਵਿਤ ਹੋ ਕੇ ਇਸ ਪ੍ਰਕਾਰ ਦੀਆਂ ਕੀਰਤਨ-ਪੱਧਤੀਆਂ ਨੂੰ ਅਪਣਾਇਆ ਜਾਂਦਾ ਹੈ।

ਅਜੋਕੇ ਸਮੇਂ ਵਿੱਚ ਨਿਤਾਪ੍ਰਤਿ ਕੀਰਤਨ-ਦਰਬਾਰਾਂ ਦੀਆਂ ਝੜੀਆਂ ਲੱਗ ਰਹੀਆਂ ਹਨ, ਸਕੂਲਾਂ ਤੇ ਕਾਲਜਾਂ ਵਿੱਚ ਸ਼ਬਦ ਗਾਇਣ ਸੰਬੰਧੀ ਪ੍ਰਤੀਯੋਗਤਾਵਾਂ ਹੋ ਰਹੀਆਂ ਹਨ, ਜਿਨ੍ਹਾਂ ਰਾਹੀਂ ਰਾਗਾਂ, ਤਾਲਾਂ, ਪੜਤਾਲਾਂ ਨਾਲ ਸੰਵਾਰਿਆ ਕੀਰਤਨ ਹੋ ਰਿਹਾ ਹੈ। ਇਸ ਸਭ ਨੂੰ ਦੇਖ ਕੇ ਇਸ ਤਰ੍ਹਾਂ ਪ੍ਰਤੀਤ ਹੁੰਦਾ ਹੈ ਕਿ ਜਿਵੇਂ ਸਿੱਖ-ਜਗਤ ਵਿੱਚ ਇੱਕ ਕੀਰਤਨ-ਕ੍ਰਾਂਤੀ ਜ਼ੋਰ ਫੜ ਰਹੀ ਹੈ ਤਾਂ ਵੀ ਜ਼ਿਹਨ ਵਿੱਚ ਇੱਕ ਪ੍ਰਸ਼ਨ ਜ਼ਰੂਰ ਉੱਠਦਾ ਹੈ ਕਿ ਇੰਨਾ ਕੀਰਤਨ ਹੋਣ ਦੇ ਬਾਵਜੂਦ ਵੀ ਜ਼ਿੰਦਗੀ ਵਿੱਚ ਤਨਾਉ, ਬੇਚੈਨੀ, ਅਸ਼ਾਂਤੀ ਤੇ ਸ਼ੋਰੋਗੁਲ ਖ਼ਤਮ ਕਿਉਂ ਨਹੀਂ ਹੋ ਰਿਹਾ ? ਦੂਸਰਾ ਰਾਗ-ਨਾਦ-ਤਾਲ ਭਰਪੂਰ ਕੀਰਤਨ ਹੀ ਕਿਉਂ ਪ੍ਰਵਾਣਿਤ ਹੋ ਰਿਹਾ ਹੈ ? ਸ਼ਬਦ-ਰੀਤ ਪ੍ਰਣਾਲੀ ਕਿਉਂ ਗੌਣ (Secondary) ਹੁੰਦੀ ਜਾ ਰਹੀ ਹੈ ? ਇਨ੍ਹਾਂ ਸਾਰੇ ਪ੍ਰਸ਼ਨਾਂ ਦਾ ਉੱਤਰ ਗੁਰੂ ਅਰਜਨ ਦੇਵ ਜੀ ਉਪਰੋਕਤ ਸ਼ਬਦ ਵਿੱਚ ਸਪੱਸ਼ਟ ਰੂਪ ਵਿੱਚ ਦਿੰਦੇ ਹਨ। ਉਨ੍ਹਾਂ ਅਨੁਸਾਰ ਗੁਰਮੁਖ ਬਣ ਕੇ ਕੀਰਤਨ ਕਰਨਾ ਹੀ ਕੀਰਤਨ ਹੈ। ਅਜਿਹਾ ਕੀਰਤਨ ਕਰਨ ਨਾਲ ਹੀ ਪ੍ਰੇਮਾ-ਭਗਤੀ ਉਪਜਦੀ ਹੈ ਤੇ ਇਹ ਪ੍ਰੇਮਾ-ਭਗਤੀ ਹੀ ਗੁਰੂ ਦੇ ਦਰ 'ਤੇ ਪ੍ਰਵਾਨ ਚੜ੍ਹਦੀ ਹੈ।

ਜਦੋਂ ਰਾਗੀ ਮਾਇਆ ਦੀ ਖ਼ਾਤਰ ਕੀਰਤਨ ਕਰਦੇ ਹਨ ਤਾਂ ਉਹ ਗੁਰੂ ਦੀਆਂ ਖ਼ੁਸ਼ੀਆਂ ਪ੍ਰਾਪਤ ਨਹੀਂ ਕਰ ਸਕਦੇ। ਇਸੇ ਤਰ੍ਹਾਂ ਜਿਨ੍ਹਾਂ ਰਾਗੀਆਂ ਦੇ ਦਿਲਾਂ ਵਿੱਚੋਂ ਮੇਰ-ਤੇਰ, ਮਾਣ-ਤਾਣ ਝਲਕਦਾ ਹੈ ਜਾਂ ਜੋ ਨਿਤਾਪ੍ਰਤਿ ਡਿਊਟੀ ਨਿਭਾਉਣ ਲਈ ਕੀਰਤਨ ਕਰਦੇ ਹਨ, ਉਨਾਂ ਦਾ ਕੀਰਤਨ ਵੀ ਪ੍ਰਵਾਨ ਨਹੀਂ। ਇਸੇ ਤਰ੍ਹਾਂ ਕਈ ਰਾਗੀਆਂ ਦਾ ਮਨੋਰਥ ਰਾਗ, ਤਾਲ, ਸਰਗਮ, ਆਲਾਪ ਤੇ ਤਾਨ ਰਾਹੀਂ ਆਪਣੀ ਵਿਦਵਤਾ ਦੇ ਜੌਹਰ ਦਿਖਾਉਣਾ ਹੁੰਦਾ ਹੈ। ਉਹ ਗੁਰੂ ਦੀ ਹਜ਼ੂਰੀ ਵਿੱਚ ਸੰਗਤਾਂ ਸਾਹਮਣੇ ਬਲਵਾਨ ਯੋਧਿਆਂ ਦੀ ਤਰ੍ਹਾਂ ਅਖਾੜੇ ਵਿੱਚ ਕੁੱਦ ਕੇ ਗਲੇ ਦੀਆਂ ਹਰਕਤਾਂ ਦਿਖਾ-ਦਿਖਾ ਕੇ ਜਿੱਤ ਦੇ ਡੰਕੇ ਵਜਾਉਂਦੇ ਹਨ ਤੇ ਸੰਗੀਤ ਦੇ ਪ੍ਰੇਮੀਆਂ ਤੋਂ ਵਾਹ-ਵਾਹ ਖੱਟਣਾ ਚਾਹੁੰਦੇ ਹਨ। ਅਜਿਹੇ ਰਾਗੀਆਂ ਦੁਆਰਾ ਉਚਾਰੀ ਬਾਣੀ ਮਾਨਸਿਕ ਸੰਤੁਸ਼ਟੀ, ਸਰੀਰਕ ਸ਼ਾਂਤੀ ਅਤੇ ਸਦੀਵੀ ਆਨੰਦ ਨਹੀਂ ਪ੍ਰਦਾਨ ਕਰ ਸਕਦੀ। ਜਨਮ-ਜਨਮਾਂਤਰਾਂ ਦਾ ਲੋਭੀ ਤੇ ਕਪਟੀ ਮਨ ਇੰਦ੍ਰਾਵਈ ਸੁਖ ਦੀ ਚਾਹਤ ਕਾਰਨ ਆਪਣੀ ਘਾਲਣਾ ਅਜਾਈਂ ਗੁਆ ਬੈਠਦਾ ਹੈ। ਗੁਰਬਾਣੀ ਅਜਿਹੇ ਰਾਗੀਆਂ ਪ੍ਰਤਿ ਦਰਸਾਉਂਦੀ ਹੈ :

> ਕੋਈ ਗਾਵੈ ਰਾਗੀ ਨਾਦੀ ਬੇਦੀ ਬਹੁ ਭਾਤਿ ਕਰਿ,
> ਨਹੀ ਹਰਿ ਹਰਿ ਭੀਜੈ ਰਾਮ ਰਾਜੇ॥
> ਜਿਨਾ ਅੰਤਰਿ ਕਪਟੁ ਵਿਕਾਰੁ ਹੈ ਤਿਨਾ ਰੋਇ ਕਿਆ ਕੀਜੈ॥

ਹਰਿ ਕਰਤਾ ਸਭੁ ਕਿਛੁ ਜਾਣਦਾ ਸਿਰਿ ਰੋਗ ਹਥੁ ਦੀਜੈ ॥
ਜਿਨਾ ਨਾਨਕ ਗੁਰਮੁਖਿ ਹਿਰਦਾ ਸੁਧੁ ਹੈ ਹਰਿ ਭਗਤਿ ਹਰਿ ਲੀਜੈ ॥
(ਪੰਨਾ 450)

ਅਜਿਹੇ ਕੁਝ ਲੋਭੀ ਤੇ ਹੰਕਾਰੀ ਵਿਅਕਤੀ ਸੰਗੀਤ, ਨਾਦ, ਧੁਨ ਤੇ ਤਾਲ ਵਿੱਚ ਮਸਤ ਹੋ ਕੇ ਕਲਾਤਮਿਕ ਜੌਹਰ ਦਿਖਾਉਂਦੇ ਸ਼ਬਦ ਦੇ ਭਾਵ ਨੂੰ ਹੀ ਗੁਆ ਬੈਠਦੇ ਹਨ। ਉਹਨਾਂ ਦੁਆਰਾ ਗਾਇਆ ਸ਼ਬਦ ਸਾਜ਼ ਤੇ ਆਵਾਜ਼ ਵਿੱਚ ਹੀ ਗੁਆਚ ਜਾਂਦਾ ਹੈ। ਅਜਿਹੇ ਰਾਗੀ ਸਮੁੱਚੀ ਸੰਗਤ ਦੀ ਖ਼ੁਸ਼ੀ ਹਾਸਿਲ ਕਰਨ ਤੋਂ ਵਾਂਝੇ ਰਹਿ ਜਾਂਦੇ ਹਨ। ਅਜਿਹੇ ਰਾਗ ਤੇ ਨਾਦ ਨੂੰ ਪ੍ਰਮੁੱਖਤਾ ਦੇਣ ਵਾਲੇ ਕੀਰਤਨੀਏ ਪ੍ਰਤਿ ਗੁਰੂ ਸਾਹਿਬਾਨ ਨੇ ਗੁਰਬਾਣੀ ਰਾਹੀਂ ਸਮਝਾਇਆ ਹੈ :

ਇਕਿ ਗਾਵਤ ਰਹੇ ਮਨਿ ਸਾਦੁ ਨ ਪਾਇ ॥
ਹਉਮੈ ਵਿਚਿ ਗਾਵਹਿ ਬਿਰਥਾ ਜਾਇ ॥ (ਪੰਨਾ 158)

ਅਜੋਕੇ ਸਮੇਂ ਵਿੱਚ ਕੀਰਤਨ ਦਾ ਵਪਾਰੀਕਰਨ ਹੋ ਰਿਹਾ ਹੈ। ਕੁਝ ਕੁ ਰਾਗੀ ਮਾਇਆ ਤੇ ਸ਼ੁਹਰਤ ਖ਼ਾਤਰ ਕੀਰਤਨ ਨੂੰ ਫ਼ਿਲਮੀ ਤਰਜ਼ਾਂ 'ਤੇ ਗਾ-ਗਾ ਕੇ ਸੰਗਤਾਂ ਨੂੰ ਲੁਭਾਉਣ ਦੇ ਯਤਨ ਵਿੱਚ ਲੱਗੇ ਹੋਏ ਹਨ, ਜਿਸ ਕਾਰਨ ਸਰੋਤਿਆਂ ਦਾ ਮਨ ਪਵਿੱਤਰ ਬਾਣੀ ਵਲੋਂ ਹਟ ਕੇ ਗੀਤਾਂ ਦੇ ਸੰਗੀਤ ਵੱਲ ਚਲਾ ਜਾਂਦਾ ਹੈ। ਅਜਿਹੇ ਗੀਤ ਤੇ ਸੰਗੀਤ ਨੂੰ ਸੁਣਨ ਨਾਲ ਮਨੁੱਖ ਵਿੱਚ ਰੂਹਾਨੀ ਸ਼ਕਤੀ ਨਹੀਂ ਉਭਰਦੀ। ਇਸ ਪ੍ਰਤਿ ਗੁਰਬਾਣੀ ਸੁਚੇਤ ਕਰਦੀ ਹੈ :

ਗੀਤ, ਰਾਗ ਘਨ ਤਾਲ ਸਿ ਕੂਰੇ ॥
ਤ੍ਰਿਹੁ ਗੁਣ ਉਪਜੈ ਬਿਨਸੈ ਦੂਰੇ ॥ (ਪੰਨਾ 832)

ਇਸ ਤਰ੍ਹਾਂ ਦੇ ਰਾਗ-ਰੰਗ ਤੋਂ ਬਚਣ ਲਈ ਗੁਰੂ ਅਰਜਨ ਦੇਵ ਜੀ ਵੀ ਆਪਣੇ ਪ੍ਰਭੂ ਅੱਗੇ ਜੋਦੜੀ ਕਰਦੇ ਪ੍ਰਤੀਤ ਹੁੰਦੇ ਹਨ :

ਮੇਰੇ ਮੋਹਨ ਸ੍ਰਵਨੀ ਇਹ ਨ ਸੁਨਾਏ ॥
ਸਾਕਤ ਗੀਤ, ਨਾਦ ਧੁਨਿ ਗਾਵਤ, ਬੋਲਤ ਬੋਲ ਅਜਾਏ ॥ (ਪੰਨਾ 820)

ਗੁਰਬਾਣੀ ਰਾਹੀਂ ਇਹ ਤਾਂ ਸਪੱਸ਼ਟ ਹੈ ਕਿ ਉਹ ਕੀਰਤਨ ਗੁਰੂ ਘਰ ਵਿੱਚ ਪ੍ਰਵਾਨ ਨਹੀਂ ਜੋ ਧਨ ਦੀ ਕਮਾਈ, ਹਉਮੈ ਦੀ ਕਾਈ ਤੇ ਰਾਗ-ਰੰਗ ਉਪਜਾਉਣ ਦੀ ਭਾਵਨਾ ਤੋਂ ਕੀਤਾ ਜਾਵੇ; ਸਗੋਂ ਗੁਰੂ ਘਰ ਵਿੱਚ ਉਹ ਕੀਰਤਨ ਪ੍ਰਵਾਨ ਹੈ ਜਿਹੜਾ ਸੱਚੀ-ਸੁੱਚੀ, ਭੈ-ਭਾਉ ਭਾਵਨੀ ਨਾਲ ਕੀਤਾ ਜਾਵੇ। ਇਹੋ ਜਿਹਾ ਕੀਰਤਨ ਕਰਨ ਲਈ ਕੀਰਤਨੀਏ ਦਾ ਗੁਰਮੁਖ ਹੋਣਾ ਬਹੁਤ ਜ਼ਰੂਰੀ ਹੈ।

ਗੁਰੂ ਸਾਹਿਬਾਨ ਬਾਣੀ ਵਿੱਚ ਬਾਰ-ਬਾਰ ਦੁਹਰਾਉਂਦੇ ਹਨ ਕਿ ਗੁਰਮੁਖ ਕੀਰਤਨੀਆ ਰਹਿਣੀ-ਬਹਿਣੀ ਦਾ ਪੂਰਾ, ਕਥਨੀ ਤੇ ਕਰਨੀ ਦਾ ਸੂਰਾ, ਮਨ-ਬਚ ਕਰਮ ਕਰਕੇ ਬਾਣੀ ਦਾ ਸ਼ਰਧਾਲੂ, ਸਿਦਕੀ ਤੇ ਰਸੀਆ ਹੋਣਾ ਚਾਹੀਦਾ ਹੈ। ਉਹ ਸ਼ੁੱਧ ਤੇ ਸਪੱਸ਼ਟ ਰੂਪ ਵਿੱਚ ਬਾਣੀ ਪੜ੍ਹ ਸਕਦਾ ਹੋਵੇ ਤੇ ਸਹੀ ਵਿਸ਼ਰਾਮ 'ਤੇ ਬਲ ਦੇ ਕੇ ਸ਼ਬਦਾਂ ਦਾ ਉਚਾਰਨ ਕਰੇ। ਬਾਣੀ ਦੇ ਭਾਵਾਂ ਨੂੰ ਮਨ ਅਤੇ ਚਿੱਤ ਵਿੱਚ ਸੰਚਾਰਿਤ

ਕਰ ਕੇ ਕੀਰਤਨ ਕਰੇ। ਅਜਿਹਾ ਕਰਨ ਨਾਲ ਜਿਥੇ ਉਸਦਾ ਆਪਣਾ ਮਨ ਵੱਸ ਵਿੱਚ ਆ ਜਾਵੇਗਾ, ਉਥੇ ਉਹ ਸਰੋਤਿਆਂ ਨੂੰ ਵੀ ਬੰਨ੍ਹਣ ਦੇ ਕਾਬਿਲ ਹੋ ਸਕੇਗਾ। ਅਜਿਹੇ ਬੰਨ੍ਹਣ ਵਾਲੇ ਰਾਗੀ, ਗੁਰੂ ਦੇ ਦਰਸ਼ਨ ਸੌਖਿਆਂ ਹੀ ਕਰਵਾ ਦਿੰਦੇ ਹਨ ਅਤੇ ਸਭ ਸੰਗਤਾਂ ਨੂੰ ਬੈਕੁੰਠ ਧਾਮ ਦੀ ਦ੍ਰਿਸ਼ਟੀ ਦਾ ਅਨੁਭਵ ਕਰਵਾ ਕੇ ਆਨੰਦਿਤ ਕਰਦੇ ਹਨ। ਇਨ੍ਹਾਂ ਪ੍ਰਤਿ ਕਬੀਰ ਜੀ ਦੇ ਬੋਲ ਬਹੁਤ ਢੁਕਵੇਂ ਹਨ :

ਲੋਗੁ ਜਾਨੈ ਇਹੁ ਗੀਤੁ ਹੈ ਇਹੁ ਤਉ ਬ੍ਰਹਮ ਬੀਚਾਰ ॥
ਜਿਉ ਕਾਸੀ ਉਪਦੇਸੁ ਹੋਇ ਮਾਨਸ ਮਰਤੀ ਬਾਰ ॥
ਕੋਈ ਗਾਵੈ ਕੋ ਸੁਣੈ ਹਰਿ ਨਾਮਾ ਚਿਤੁ ਲਾਇ ॥
ਕਹੁ ਕਬੀਰ ਸੰਸਾ ਨਹੀ ਅੰਤਿ ਪਰਮ ਗਤਿ ਪਾਇ ॥ *(ਪੰਨਾ 335)*

ਗੁਰੂ ਸਾਹਿਬਾਨ ਨੇ ਕੀਰਤਨ ਨੂੰ ਕਲਜੁਗ ਦੀ ਸਮਾਧੀ ਕਿਹਾ ਹੈ। ਇਹ ਇੱਕ ਅਜਿਹੀ ਸ਼ਕਤੀ ਹੈ ਜਿਸ ਰਾਹੀਂ ਅਡੋਲ ਤੇ ਅਖੰਡ ਕੀਰਤਨ ਕਰ ਕੇ ਇੱਕ ਗੁਰਮੁਖ ਰਾਗੀ ਸੰਗਤ ਵਿੱਚ ਵਿਸਮਾਦੀ ਵਾਤਾਵਰਣ ਉਸਾਰ ਦਿੰਦਾ ਹੈ। ਸ਼ਬਦ ਤੇ ਸੁਰਤ ਵਿੱਚ ਜੁੜੀਆਂ ਰੂਹਾਂ ਅੰਤਰ ਆਤਮੇ ਪ੍ਰਗਟ ਹੋਏ ਅਗੰਮੀ ਰਸ ਦੇ ਵੈਰਾਗ ਵਿੱਚ ਅਜਿਹੀਆਂ ਗੜੂੰਦ ਹੁੰਦੀਆਂ ਹਨ ਕਿ ਉਨ੍ਹਾਂ ਦੇ ਨੇਤਰਾਂ ਵਿੱਚੋਂ ਚਸ਼ਮੇ ਵਾਂਗੂ ਆਪ-ਮੁਹਾਰੇ ਨੀਰ ਵਹਿਣ ਲੱਗ ਜਾਂਦਾ ਤੇ ਫਿਰ ਉਹ ਉੱਚੀ-ਉੱਚੀ ਬੋਲ ਉਠਦੀਆਂ ਹਨ :

ਹਉ ਰਹਿ ਨ ਸਕਾ ਬਿਨੁ ਦੇਖੇ ਪ੍ਰੀਤਮਾ,
ਮੈ ਨੀਰੁ ਵਹੇ ਵਹਿ ਚਲੈ ਜੀਉ ॥ *(ਪੰਨਾ 94)*

ਅਜਿਹੇ ਗੁਰਮੁਖ ਕੀਰਤਨੀਏ ਨੂੰ ਇਸ ਤਰ੍ਹਾਂ ਪ੍ਰਤੀਤ ਹੁੰਦਾ ਹੈ ਕਿ ਕੀਰਤਨ ਹੀ ਉਨ੍ਹਾਂ ਦੀ ਭੁੱਖ ਹੈ, ਕੀਰਤਨ ਹੀ ਤ੍ਰੇਹ ਹੈ ਤੇ ਇਸ ਨੂੰ ਸਤਿਗੁਰ ਹੀ ਪੂਰੀ ਕਰਨ ਦੇ ਸਮਰੱਥ ਹਨ :

ਅਖੰਡ ਕੀਰਤਨੁ ਤਿਨਿ ਭੋਜਨੁ ਚੂਰਾ ॥
ਕਹੁ ਨਾਨਕ ਜਿਸੁ ਸਤਿਗੁਰੁ ਪੂਰਾ ॥ *(ਪੰਨਾ 236)*

ਪ੍ਰਤੱਖ ਰੂਪ ਵਿੱਚ ਅਨੁਭਵ ਹੁੰਦਾ ਹੈ ਕਿ ਗੁਰੂ ਦੁਆਰਾ ਰਚੀ ਬਾਣੀ ਹੀ ਉਨ੍ਹਾਂ ਲਈ ਕੋਈ ਅਗੰਮੀ ਖੇਡ ਵਰਤਾ ਰਹੀ ਹੈ, ਜਿਸ ਰਾਹੀਂ ਉਹ ਆਨੰਦ ਦੀਆਂ ਘੁੱਟਾਂ ਪੀ ਪੀ ਕੇ ਸਰਸ਼ਾਰ ਹੁੰਦੇ ਜਾ ਰਹੇ ਹੋਣ ਤੇ ਉਨ੍ਹਾਂ ਦਾ ਜੁੜਨਾ ਹੀ ਪ੍ਰਭੂ ਦਾ ਸ਼ੁਕਰਾਨਾ ਬਣ ਜਾਂਦਾ ਹੈ। ਅਜਿਹੀਆਂ ਜੁੜੀਆਂ ਤੇ ਸ਼ੁਕਰਾਨੇ ਵਿੱਚ ਬੱਧੀਆਂ ਰੂਹਾਂ ਪਰਮ ਪੁਰਖ ਪਰਮਾਤਮਾ ਨਾਲ ਜੁੜ ਕੇ ਪਰਮ ਆਨੰਦ ਦੀ ਪ੍ਰਾਪਤੀ ਕਰ ਲੈਂਦੀਆਂ ਹਨ।

ਅਜੋਕਾ ਸਮਾਂ ਘੋਰ ਕਲਜੁਗ ਦਾ ਸਮਾਂ ਹੈ। ਮਨੁੱਖ ਨੂੰ ਉਸਦੀਆਂ ਪੰਜੇ ਇੰਦਰੀਆਂ ਨੇ ਭਰਮਾਉਣ ਤੇ ਫਸਾਉਣ ਕਰਕੇ ਪੂਰਨ ਰੂਪ ਵਿੱਚ ਜਕੜਿਆ ਹੋਇਆ ਹੈ। ਇਹ ਇੰਦਰੀਆਂ ਉਸਨੂੰ ਤ੍ਰਿਸ਼ਨਾਵਾਂ ਤੇ ਕਾਮਨਾਵਾਂ ਦੇ ਜਾਲ ਵਿੱਚ ਅਜਿਹੇ ਢੰਗ ਨਾਲ ਨੂੜੀ ਬੈਠੀਆਂ ਹਨ ਕਿ ਇਨ੍ਹਾਂ ਵਿੱਚੋਂ ਨਿਕਲਣਾ ਮੁਸ਼ਕਲ ਹੈ। ਕੋਈ-ਕੋਈ ਵਡਭਾਗੀ ਜੀਵ ਕੁਝ ਘੜੀਆਂ ਲਈ ਸ਼ਬਦ-ਅਵਤਾਰ ਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ

ਜੀ ਦੀ ਹਜ਼ੂਰੀ ਮਾਣਨ ਲਈ ਤੇ ਸੰਗਤਾਂ ਦਾ ਨਿੱਘ ਪ੍ਰਾਪਤ ਕਰਨ ਲਈ ਗੁਰੂ ਘਰ ਵਿੱਚ ਜਾਂਦੇ ਹਨ। ਇਹ ਇੱਕ ਅਟੱਲ ਸੱਚਾਈ ਹੈ ਕਿ ਪ੍ਰਭੂ ਦਾ ਮਨੁੱਖ ਦੇ ਹਿਰਦੇ ਵਿੱਚ ਵਾਸਾ ਹੈ, ਪਰ ਮਨੁੱਖ ਬਾਹਰੀ ਚੁੰਧਿਆਹਟ ਕਾਰਨ ਵੇਖ ਨਹੀਂ ਸਕਦਾ, ਪਛਾਣ ਨਹੀਂ ਸਕਦਾ। ਉਸਦੀ ਰੂਹ ਤੇ ਜ਼ਿਹਨ ਜਿਵੇਂ ਮਰ ਚੁੱਕਾ ਹੈ। ਕੀਰਤਨ ਇਨ੍ਹਾਂ ਮੁਰਦਾ ਰੂਹਾਂ ਲਈ ਸੰਜੀਵਨੀ ਬੂਟੀ ਦਾ ਕੰਮ ਕਰਦਾ ਹੈ, ਪਰ ਇਹ ਸੰਜੀਵਨੀ ਬੂਟੀ ਕਿਸੇ ਗੁਰਮੁਖ ਕੀਰਤਨੀਏ ਕੋਲ ਹੀ ਹੈ।

ਇੱਕ ਗੁਰਮੁਖ ਕੀਰਤਨੀਏ ਲਈ ਗੁਰਬਾਣੀ ਦੇ ਗੁਹਜ ਤੇ ਰਹੱਸਮਈ ਭਾਵਾਂ ਤੋਂ ਜਾਣੂੰ ਹੋਣਾ ਬਹੁਤ ਜ਼ਰੂਰੀ ਹੈ। ਕਿੰਨਾ ਚੰਗਾ ਹੋਵੇ ਜੇਕਰ ਉਹ ਗੁਰਬਾਣੀ ਦਾ ਕੀਰਤਨ ਕਰਨ ਤੋਂ ਪਹਿਲਾਂ ਪੜ੍ਹੇ ਜਾਣ ਵਾਲੇ ਸ਼ਬਦ ਦੀ ਵਿਚਾਰ, ਵਿਆਖਿਆ ਤੇ ਪ੍ਰਮਾਣ ਦੇ ਕੇ ਬਾਣੀ ਦੇ ਭਾਵ ਸੰਗਤਾਂ ਵਿੱਚ ਦ੍ਰਿੜ੍ਹ ਕਰਵਾ ਦੇਣ ਤਾਂ ਜੋ ਸੰਗਤਾਂ ਧੁਨ ਅਤੇ ਧਿਆਨ ਵਿੱਚ ਜੁੜ ਕੇ ਕੀਰਤਨ ਦਾ ਆਨੰਦ ਮਾਣ ਸਕਣ। ਇਸ ਬਾਰੇ ਗੁਰੂ ਸਾਹਿਬ ਨੇ ਸਪੱਸ਼ਟ ਕੀਤਾ ਹੈ :

ਬਾਣੀ ਬਿਰਲਉ ਬੀਚਾਰਸੀ ਜੇ ਕੋ ਗੁਰਮੁਖਿ ਹੋਇ॥ *(ਪੰਨਾ 935)*

ਗੁਰਬਾਣੀ ਤਾਂ ਇੱਕ ਅਥਾਹ ਸਾਗਰ ਹੈ ਜਿਸ ਵਿੱਚ ਅਨੇਕਾਂ ਹੀ ਹੀਰੇ-ਜਵਾਹਰਾਤ ਤੇ ਮਾਣਿਕ ਮੋਤੀ ਹਨ, ਜਿਨ੍ਹਾਂ ਨੂੰ ਅੰਤਰ-ਆਤਮੇ ਚੁੱਭੀ ਲਾ ਕੇ ਪ੍ਰਾਪਤ ਕਰਨ ਦੀ ਲੋੜ ਹੈ। ਜਦੋਂ ਕੋਈ ਮਨੁੱਖ ਪਾਠ ਕਰਦਾ ਹੈ ਤਾਂ ਧਿਆਨ ਖਿੰਡਿਆ-ਪੁੰਡਿਆ ਰਹਿੰਦਾ ਹੈ। ਮਨ ਸੰਕਲਪਾਂ-ਵਿਕਲਪਾਂ ਵਿੱਚ ਉਲਝਿਆ ਰਹਿੰਦਾ ਹੈ, ਜਿਸ ਕਰਕੇ ਬਾਣੀ ਦੀ ਨਾ ਤਾਂ ਵਿਚਾਰ ਉਪਜਦੀ ਹੈ, ਨਾ ਹੀ ਰਸ ਆਉਂਦਾ ਹੈ। ਬਿਨਾਂ ਵਿਚਾਰ ਤੋਂ ਇਹ ਗੁਹਜ ਰਤਨ ਸਾਡੇ ਤੋਂ ਲੁਕੇ ਰਹਿੰਦੇ ਹਨ, ਪਰ ਜਦੋਂ ਕੋਈ ਗੁਰਮੁਖ ਕੀਰਤਨੀਆ ਸ਼ਬਦ ਦੀ ਵਿਆਖਿਆ ਕਰਦਾ ਹੈ ਤੇ ਉਸ ਤੋਂ ਬਾਅਦ ਗਾਇਣ ਕਰਦਾ ਹੈ ਤਾਂ ਸ਼ਬਦ ਦੇ ਭਾਵ ਸਮਝ ਆਉਣ ਕਰਕੇ ਅਨੰਦ ਕਿੰਨੇ ਗੁਣਾ ਵੱਧ ਜਾਂਦਾ ਹੈ। ਇਸ ਪ੍ਰਤਿ ਗੁਰਬਾਣੀ ਪ੍ਰਗਟਾਉਂਦੀ ਹੈ :

ਗੁਹਜ ਰਤਨ ਵਿਚਿ ਲੁਕਿ ਰਹੇ, ਕੋਈ ਗੁਰਮੁਖਿ ਸੇਵਕੁ ਕਢੈ ਖੋਤਿ॥
(ਪੰਨਾ 309)

ਅਜਿਹੇ ਪ੍ਰਕਾਰ ਦਾ ਕੀਰਤਨ ਆਪਣੇ-ਆਪ ਸਮਾਧੀ ਬਣ ਜਾਂਦਾ ਹੈ, ਜਦੋਂ ਗੁਰਮੁਖ ਰੂਪੀ ਪਿਆਰੀਆਂ ਰੂਹਾਂ ਕੀਰਤਨ ਰਾਹੀਂ, ਨਾਮ ਰੰਗ ਵਿੱਚ ਰੱਤੀਆਂ ਜਾਂਦੀਆਂ ਹਨ ਤੇ ਸੰਗਤਾਂ ਨੂੰ ਵੀ ਪ੍ਰੇਮਾ-ਭਗਤੀ ਦੇ ਰੰਗ ਵਿੱਚ ਬੰਨ੍ਹ ਲੈਂਦੀਆਂ ਹਨ। ਅਜਿਹੇ ਗੁਰਮੁਖ ਪਿਆਰਿਆਂ ਅੱਗੇ ਰਾਗ-ਨਾਦ ਵੀ ਹੱਥ ਬੰਨ੍ਹੀ ਫਿਰਦੇ ਹਨ, ਪਰ ਅਜਿਹਿਆਂ ਦੁਆਰਾ ਕੀਤਾ ਕੀਰਤਨ ਪ੍ਰੀਤਮ ਅੱਗੇ ਪ੍ਰੇਮ ਵੇਦਨਾ ਦੀਆਂ ਅਰਜ਼ੋਈਆਂ ਕਰਨ ਵਾਲਾ ਹੁੰਦਾ ਹੈ। ਉਹ ਸ਼ਬਦ ਤੇ ਸੁਰਤਿ ਦਾ ਮੇਲ ਕਰਵਾਉਂਦੇ-ਕਰਵਾਉਂਦੇ ਆਪ ਵੀ ਕੀਰਤਨ ਤੇ ਵਿਸਮਾਦੀ ਰੰਗ ਵਿੱਚ ਰੰਗੀਜ ਜਾਂਦੇ ਹਨ ਤੇ ਉਨ੍ਹਾਂ ਦੇ ਆਨੰਦਮਈ ਜੀਵਨ ਦਾ ਪ੍ਰਭਾਵ ਸੰਗਤਾਂ ਵੀ ਕਬੂਲਦੀਆਂ ਹਨ। ਅਜਿਹੇ ਕੀਰਤਨੀਏ ਸਿੰਘ ਪ੍ਰਤਿ ਗੁਰੂ ਸਾਹਿਬ ਫ਼ੁਰਮਾਉਂਦੇ ਹਨ :

ਭਲੋ ਭਲੋ ਰੇ ਕੀਰਤਨੀਆ ॥
ਰਾਮ ਰਮਾ ਰਾਮਾ ਗੁਨ ਗਾਉ ॥
ਛੋਡਿ ਮਾਇਆ ਕੇ ਧੰਧ ਸੁਆਉ ॥ *(ਪੰਨਾ 885)*

ਉਪਰੋਕਤ ਵਿਚਾਰਾਂ ਦੇ ਆਧਾਰ 'ਤੇ ਅਸੀਂ ਇਸ ਸਿੱਟੇ 'ਤੇ ਪੁੱਜਦੇ ਹਾਂ ਕਿ ਗੁਰਮੁਖ ਕੀਰਤਨੀਏ ਦੀ ਅਵਸਥਾ ਕਿਹੋ ਜਿਹੀ ਹੋਣੀ ਚਾਹੀਦੀ ਹੈ ਤੇ ਉਹ ਕਿਸ ਤਰ੍ਹਾਂ ਦਾ ਕੀਰਤਨ ਕਰੇ। ਅਸੀਂ ਵੀ ਉਸ ਪ੍ਰਭੂ ਅੱਗੇ ਅਰਜ਼ੋਈ ਕਰਨੀ ਹੈ ਕਿ ਅਸੀਂ ਵੀ ਆਪਣੇ ਚੰਚਲ ਮਨ ਨੂੰ ਠੱਲ੍ਹ ਪਾਉਣ ਲਈ ਅੰਮ੍ਰਿਤ ਵੇਲੇ ਉਨ੍ਹਾਂ ਗੁਰਮੁਖਾਂ ਦਾ ਕੀਰਤਨ ਸੁਣਨ ਲਈ ਪੂਰੀ ਤਾਂਘ ਨਾਲ ਗੁਰੂ-ਘਰ ਜਾਈਏ। ਸ਼ਾਇਦ ਉਨ੍ਹਾਂ ਦੁਆਰਾ ਅਜਿਹੀ ਕਲਾ ਸਾਡੇ 'ਤੇ ਵੀ ਵਰਤਾਈ ਜਾਏ ਕਿ ਅਸੀਂ ਵੀ ਸ਼ਬਦ-ਸੁਰਤ ਦੀ ਪਾਰਸ ਕਲਾ ਰਾਹੀਂ ਅਜਿਹੇ ਵੇਗ ਤੇ ਵੈਰਾਗ ਵਿੱਚ ਆ ਜਾਈਏ ਤੇ ਪ੍ਰਭੂ ਦੇ ਨਾਮ ਦੀ ਧੁਨ ਸਾਡੇ ਅੰਦਰ ਵੀ ਨਿਰੰਤਰ ਵਹਿ ਤੁਰੇ ਤੇ ਅਸੀਂ ਵੀ ਆਪ-ਮੁਹਾਰੇ ਬੋਲ ਉਠੀਏ :

ਹਉ ਰਹਿ ਨ ਸਕਾ ਬਿਨੁ ਦੇਖੇ ਪ੍ਰੀਤਮਾ, ਮੈ ਨੀਰੁ ਵਹੇ ਵਹਿ ਚਲੈ ਜੀਉ ॥
(ਪੰਨਾ 94)

ਰਾਗ ਯਮਨ ਕਲਿਆਣ

1. ਥਾਟ - ਕਲਿਆਣ ।
2. ਸੁਰ - ਮ̍ ਤੀਬਰ ਬਾਕੀ ਸ਼ੁਧ ਸੁਰ ।
3. ਵਾਦੀ - ਗ ।
4. ਸੰਵਾਦੀ - ਨ ।
5. ਜਾਤੀ - ਸੰਪੂਰਣ-ਸੰਪੂਰਣ ।
6. ਸਮਾਂ - ਰਾਤ ਦਾ ਪਹਿਲਾ ਪਹਿਰ ।
7. ਆਰੋਹ - ਸ ਰ ਗ ਮ̍ ਪ ਧ ਨ ਸੰ ।

   ਅਵਰੋਹ - ਸੰ ਨ ਧ ਪ ਮ̍ ਗ ਰ ਸ ।
8. ਮੁੱਖ ਅੰਗ - ਨ਼ ਰ ਗ, ਪ ਮ̍ ਗ ਰ, ਨ਼ ਰ ਸ - ।

ਕਲਿਆਣ ਮਹਲਾ ੪ ॥

ਪ੍ਰਭ ਕੀਜੈ ਕ੍ਰਿਪਾ ਨਿਧਾਨ ਹਮ ਹਰਿ ਗੁਨ ਗਾਵਹਗੇ ॥
ਹਉ ਤੁਮਰੀ ਕਰਉ ਨਿਤ ਆਸ ਪ੍ਰਭ ਮੋਹਿ ਕਬ ਗਲਿ ਲਾਵਹਿਗੇ ॥੧॥ਰਹਾਉ॥
ਹਮ ਬਾਰਿਕ ਮੁਗਧ ਇਆਨ ਪਿਤਾ ਸਮਝਾਵਹਿਗੇ ॥
ਸੁਤੁ ਖਿਨੁ ਖਿਨੁ ਭੂਲਿ ਬਿਗਾਰਿ ਜਗਤ ਪਿਤ ਭਾਵਹਿਗੇ ॥੧॥
ਜੋ ਹਰਿ ਸੁਆਮੀ ਤੁਮ ਦੇਹੁ ਸੋਈ ਹਮ ਪਾਵਹਗੇ ॥
ਮੋਹਿ ਦੂਜੀ ਨਾਹੀ ਠਉਰ ਜਿਸੁ ਪਹਿ ਹਮ ਜਾਵਹਗੇ ॥੨॥
ਜੋ ਹਰਿ ਭਾਵਹਿ ਭਗਤ ਤਿਨਾ ਹਰਿ ਭਾਵਹਿਗੇ ॥
ਜੋਤੀ ਜੋਤਿ ਮਿਲਾਇ ਜੋਤਿ ਰਲਿ ਜਾਵਹਗੇ ॥੩॥
ਹਰਿ ਆਪੇ ਹੋਇ ਕ੍ਰਿਪਾਲੁ ਆਪਿ ਲਿਵ ਲਾਵਹਿਗੇ ॥
ਜਨੁ ਨਾਨਕੁ ਸਰਨਿ ਦੁਆਰਿ ਹਰਿ ਲਾਜ ਰਖਾਵਹਿਗੇ ॥੪॥੬॥ਛਕਾ ੧॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1321)

ਰਾਗ ਕਲਿਆਣ ਤੀਨ ਤਾਲ

ਸਥਾਈ

														ਪ	ਗਮ॑
														ਪ੍ਰ	ਭS
ਨਧ	ਨਧ	ਪ	-	-	ਰ	ਰ	ਸ	ਗ	ਰ	ਪਮ॑	ਗ	-	-	ਪ	ਪ
ਕੀS	SS	ਜੈ	S	S	ਕ੍ਰਿ	ਪਾ	ਨਿ	ਧਾ	S	ਨS	S	S	S	ਹ	ਮ
0				3				x				2			
ਗ	ਮ॑	ਗ	ਪ	ਮ॑	ਧ	ਮ॑	ਪ	ਨ	ਨ	ਪ	ਪ	ਰ	ਰ	ਸ	ਸ
ਹ	ਰਿ	ਗੁ	ਨ	ਗਾ	S	ਵ	ਹ	ਗੇ	S	S	S	S	S	S	S
0				3				x				2			

ਅੰਤਰਾ

ਪ	ਪ	ਪ	ਪ	ਸੰ	ਸੰ	ਸੰ	ਸੰ	ਸੰ	ਰੰਸੰ	ਨ	ਧ	ਨ	ਧ	ਪ	ਪ
ਹ	ਉ	S	S	ਤੁ	ਮ	ਰੀ	S	ਕ	ਰਉ	ਨਿ	ਤ	ਆ	S	ਸ	S
0				3				x				2			
ਪ	ਗੰ	ਰੰ	ਸੰ	ਸੰ	ਨ	ਧ	ਪ	ਧ	ਨ	ਧ	ਪ	ਰ	ਰ	ਪ	ਗਮ॑
ਪ੍ਰ	ਭ	ਮੋ	ਹਿ	ਕ	ਬ	ਗ	ਲਿ	ਲਾ	S	ਵ	ਹਿ	ਗੇ	S	ਪ੍ਰ	ਭS
0				3				x				2			

ਆਲਾਪ

ਸਥਾਈ

1	ਸ	-	ਨ਼	ਰ	ਸ	-	ਨ਼	ਧ਼	ਨ਼	ਧ਼	ਨ਼	ਰ	ਗ	ਰ	ਸ	-
	0				3				x				2			
2	ਨ਼	ਰ	ਗ	ਰ	ਗ	ਰ	ਨ਼	ਰ	ਗ	-	ਰ	-	ਨ਼	ਰ	ਸ	-
	0				3				x				2			
3	ਨ਼	ਰ	ਗ	-	ਗ	-	ਮ॑	ਗ	ਮ॑	ਰ	ਗਮ॑	ਪ	ਮ॑	ਗ	-	-
	ਮ॑	ਰ	ਗ	-	ਨ਼	ਰ	ਸ	-								
	x				2				0				3			

ਅੰਤਰਾ

1	ਨ਼	ਰ	ਗ	ਮ॑	ਪ	-	ਮ॑	ਗ	ਪ	-	ਮ॑	ਧ	ਨ	-	ਧ	ਪ
	ਪ	ਮ॑	ਗ	ਰ	ਨ਼	ਰ	ਸ	-								
	x				2				0				3			
2	ਮ॑	ਧ	ਨ	ਸਂ	ਨ	ਰਂ	ਸਂ	-	ਨਂ	ਰਂ	ਗਂ	-	ਨ	ਰਂ	ਸਂ	-
	ਸਂ	ਨ	ਧ	ਪ	ਮ॑	ਧ	ਨ	ਸਂ								
	x				2				0				3			
3	ਨ	ਰਂ	ਗਂ	ਰਂ	ਨ	ਰਂ	ਸਂ	-	ਰਂਨ	ਸਂ	-	ਨ	ਧ	ਧ	ਪ	ਪ
	ਮ॑	ਗ	ਮ॑	ਧ	ਨ	ਨ	ਸਂ	-								
	x				2				0				3			

ਸਥਾਈ ਦੀਆਂ ਤਾਨਾਂ

1 ਨ਼ਰ ਗਰ ਨ਼ਰ ਗਮ॑	ਗਰ ਨ਼ਰ ਗਮ॑ ਪਮ॑	ਗਰ ਨ਼ਰ ਗਮ॑ ਪਧ	ਪਮ॑ ਗਰ ਨ਼ਰ ਗਮ॑
ਪਧ ਨਸੰ ਪਮ॑ ਗਰ	ਗਰ ਸ		
x	2	0	3
2 ਨ਼ਰ ਗਰ ਗਮ॑ ਗਮ॑	ਪਮ॑ ਪਧ ਪਧ ਨਧ	ਨਸੰ ਨੰਸੰ ਰੰਸੰ ਰੰਸੰ	ਨਧ ਪਧ ਪਮ॑ ਗਮ॑
ਗਰ ਸ			
2	0	3	x
3 ਨ਼ਰ ਗਮ॑ ਰਗ ਮ॑ਧ	ਗਮ॑ ਧਨ ਮ॑ਧ ਨਸੰ	ਨਧ ਪਮ॑ ਗਰ ਸ	ਨਧ ਪਮ॑ ਗਰ ਸ
ਨਧ ਪਮ॑ ਗਰ ਸ	ਕੀਜੈ ਕ੍ਰਿਪਾ ਨਿਧਾਨ		
2	0	3	x
4 ਗਰ ਨ਼ਰ ਗਮ॑ ਗਮ॑	ਪਧ ਪਮ॑ ਗਮ॑ ਪਧ	ਨਧ ਪਮ॑ ਗਮ॑ ਪਧ	ਨਸੰ ਰੰਸੰ ਨਧ ਪਮ॑
ਗਰ ਨ਼ਰ ਗਰ ਸ	ਕੀਜੈ ਕ੍ਰਿਪਾ ਨਿਧਾਨ		
2	0	3	x

ਅੰਤਰੇ ਦੀਆਂ ਤਾਨਾਂ

1 ਸੰਨ ਧਪ ਮ॑ਪ ਸੰਨ	ਧਪ ਮ॑ਪ ਗਮ॑ ਪਧ	ਪਮ॑ ਗਪ ਮ॑ਗ ਰਸ	ਨ਼ਰ ਗਰ ਗਮ॑ ਗਮ॑
ਪਧ ਪਮ॑ ਪਧ ਨਧ	ਨਸੰ ਨਸੰ ਰਸੰ ਨਸੰ	ਨਧ ਪਮ॑ ਗਰ ਸ	ਨ਼ਰ ਗਮ॑ ਧਨ ਸੰ
0	3	x	2
2 ਨ਼ਰ ਗੰਰੰ ਸੰਨ ਧਨ	ਸੰਨ ਧਪ ਮ॑ਧ ਨਸੰ	ਨਧ ਮ॑ਧ ਨਧ ਪਮ॑	ਗਪ ਮ॑ਗ ਰ ਸ
ਗਮ॑ ਧਨ ਸ ਸ	ਦੁਗਣ ਵਿੱਚ ਇੱਕ ਵਾਰੀ (ਦਰਸਨ ਪਰਸਨ ਕਹਿਣਾ)		
0	3	x	2
3 ਗੰਰੰ ਨਰੰ ਗੰਰੰ ਸਨੰ	ਧਨ ਸੰਨ ਧਪ ਮ॑ਗ	ਮ॑ਧ ਨਸੰ ਨਧ ਪਮ॑	ਗਮ॑ ਪਮ॑ ਗਰ ਸ
ਨ਼ਰ ਗਰ ਗਮ॑ ਗਮ॑	ਪਮ॑ ਪਧ ਪਧ ਨਧ	ਨਸੰ ਨਸੰ ਰਸੰ ਰਸੰ	
	ਦੁਗਣ ਵਿੱਚ ਤਿੰਨ ਵਾਰੀ (ਹਉ ਤੁਮਰੀ ਕਰਉ)		
0	3	x	2

ਰਾਗ ਮੁਲਤਾਨੀ

1.	ਥਾਟ	-	ਟੋਡੀ।
2.	ਸੁਰ	-	ਰੁ ਗੁ ਧੁ ਕੋਮਲ ਮ̍ ਤੀਬਰ।
3.	ਵਰਜਿਤ	-	ਆਰੋਹ ਵਿੱਚ ਰੁ ਧੁ ਵਰਜਿਤ ਹਨ।
4.	ਵਾਦੀ	-	ਪ।
5.	ਸੰਵਾਦੀ	-	ਸ।
6.	ਜਾਤੀ	-	ਔੜਵ-ਸੰਪੂਰਣ।
7.	ਸਮਾਂ	-	ਦਿਨ ਦਾ ਚੌਥਾ ਪਹਿਰ।
8.	ਆਰੋਹ	-	ਸ ਨ਼ਸ ਗੁ ਮ̍ ਪ ਨ ਸਂ।
	ਅਵਰੋਹ	-	ਸਂ ਨ ਧੁ ਪ ਮ̍ ਗੁ ਮ̍ ਗੁ ਰੁ ਸ।
9.	ਮੁੱਖ ਅੰਗ	-	ਪ - ਗੁ ਰੁ ਸ ਨ਼ ਸ ਗੁ ਮ̍ ਪ।

ਮਾਰੂ ਮਹਲਾ ੯ ॥

ਹਰਿ ਕੋ ਨਾਮੁ ਸਦਾ ਸੁਖਦਾਈ ॥
ਜਾ ਕਉ ਸਿਮਰਿ ਅਜਾਮਲੁ ਉਧਰਿਓ ਗਨਿਕਾ ਹੂ ਗਤਿ ਪਾਈ ॥੧॥ਰਹਾਉ॥
ਪੰਚਾਲੀ ਕਉ ਰਾਜ ਸਭਾ ਮਹਿ ਰਾਮ ਨਾਮ ਸੁਧਿ ਆਈ ॥
ਤਾ ਕੋ ਦੂਖੁ ਹਰਿਓ ਕਰੁਣਾ ਮੈ ਅਪਨੀ ਪੈਜ ਬਢਾਈ ॥੧॥
ਜਿਹ ਨਰ ਜਸੁ ਕਿਰਪਾ ਨਿਧਿ ਗਾਇਓ ਤਾ ਕਉ ਭਇਓ ਸਹਾਈ ॥
ਕਹੁ ਨਾਨਕ ਮੈ ਇਹੀ ਭਰੋਸੈ ਗਹੀ ਆਨਿ ਸਰਨਾਈ ॥੨॥੧॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1008)

ਰਾਗ ਮੁਲਤਾਨੀ ਤੀਨ ਤਾਲ

ਸਥਾਈ

ਪ	ਪ	ਗੁ	ਪ	ਗੁ	ਰੁ	ਸ	ਸ	ਨ਼	ਸ	ਮ̍	ਗੁ	ਮ̍	ਪ	ਮ̍	ਗੁ
ਹ	ਰਿ	ਕੋ	ऽ	ਨਾ	ऽ	ਮੁ	ਸ	ਦਾ	ऽ	ਸੁ	ਖ	ਦਾ	ऽ	ਈ	ऽ
0				3				x				2			
ਗੁ	ਮ̍	ਪ	ਨ	ਸਂ	ਨ	ਧੁ	ਪ	ਮ̍	ਮ̍	ਪ	ਧੁ	(ਪ)	ਪ	ਮ̍	ਗੁ
ਜਾ	ऽ	ਕ	ਉ	ਸਿ	ਮ	ਰਿ	ਅ	ਜਾ	ऽ	ਮ	ਲੁ	ਉ	ਧ	ਰਿ	ਓ
0				3				x				2			

(ਗਨਿਕਾ ਹੂ ਗਤਿ ਪਾਈ) ਪਹਿਲੀ ਲਾਈਨ ਅਨੁਸਾਰ

ਅੰਤਰਾ

ਮ̍	-	ਪ	ਧੁ	ਪ	ਗੁ	ਮ̍	ਪ	ਨ	-	ਸਂ	ਨ	ਸਂ	-	ਸਂ	-
ਪੰ	ऽ	ਚਾ	ऽ	ਲੀ	ऽ	ਕ	ਉ	ਰਾ	ऽ	ਜ	ਸ	ਭਾ	ऽ	ਮ	ਹਿ
0				3				x				2			
ਨ	ਨ	ਸਂ	ਗੁਂ	ਰੁਂ	ਰੁਂ	ਸਂ	ਸਂ	ਮ̍	ਪ	ਸਂ	ਨ	(ਪ)	-	ਮ̍	ਗੁ
ਰਾ	ऽ	ਮ	ਨਾ	ऽ	ਮ	ਸੁ	ਧਿ	ਆ	ऽ	ऽ	ऽ	ਈ	ऽ	ऽ	ऽ
0				3				x				2			

ਆਲਾਪ

ਸਥਾਈ

1	ਸ - ਨ਼ ਸ	ਗੁ - ਰੁ ਸ	ਗੁ ਮ॑ ਪ ਮ॑	ਗੁ ਰੁ ਸ -
	0	3	x	2
2	ਨ਼ ਸ ਗੁ ਮ॑	ਪ - - -	ਗੁ - ਮ॑ ਪ	ਧੁ ਮ॑ ਪ -
	ਪ ਧੁ ਮ॑ ਪ	ਮ॑ ਗੁ ਰੁ ਸ		
	x	2	0	3
3	ਨ਼ ਸ ਗੁ ਮ॑	ਪ - ਮ॑ ਪ	ਧੁ ਮ॑ - ਪ	ਗੁ ਮ॑ ਪ -
	ਗੁ ਮ॑ ਪ ਮ॑	ਗੁ ਰੁ ਸ -		
	x	2	0	3

ਅੰਤਰਾ

1	ਗੁ ਮ॑ ਪ ਨ	ਸਂ - - -	ਨਸਂ -ਨ ਧੁ ਪ	ਗੁਮ॑ ਪਨ ਸਂ -
	0	3	x	2
2	ਪ ਮ॑ ਗੁ ਮ॑	ਪ ਨ - -	ਪ ਨ ਸਂ ਗੁਂ	ਰੁਂ ਰੁਂ ਸਂ ਸਂ
	0	3	x	2
3	ਨ਼ - ਸ -	ਗੁ ਗੁ ਰੁ -	ਮ॑ ਮ॑ ਗੁ -	ਪ ਪ ਮ॑ -
	0	3	x	2
4	ਧੁ ਧੁ ਮ॑ -	ਗੁਮ॑ ਪਮ॑ ਗੁਰੁ ਸ		
	0	3	x	2

ਤਿੰਨ ਵਾਰੀ ਦੁਗਣ ਵਿੱਚ (ਪੰਚਾਲੀ ਕਉ ਰਾਜ)

ਸਥਾਈ ਦੀਆਂ ਤਾਨਾਂ

1	ਸਸ ਨ਼ਸ ਰੁਨ਼ ਸ	ਨ਼ਸ ਗੁਮ॑ ਗੁਰੁ ਸ		
	0	2		
2	ਪਨ ਧੁਪ ਮ॑ਪ ਮ॑ਗੁ	ਗੁਮ॑ ਪਮ॑ ਗੁਰੁ ਸ		
	0	2		
3	ਪਨ ਸਂਗੁ ਰੁਂਸਂ ਨਸਂ	ਸਂਨ ਧੁਪ ਮ॑ਪ ਧੁਪ	ਨਨ ਧੁਪ ਮ॑ਪ ਮ॑ਗੁ	ਗੁਮ॑ ਪਮ॑ ਗੁਰੁ ਸ
	0	3	x	2

ਅੰਤਰੇ ਦੀਆਂ ਤਾਨਾਂ

1	ਪਮ॑ ਗੁਮ॑ ਪਨ ਸਂ	ਪਨ ਸਂਗੁਂ ਰੁਂਸਂ ਨਸਂ		
	0	2		
2	ਰੁਰੁ ਸਸ ਗੁਗੁ ਰੁਰੁ	ਮ॑ਮ॑ ਗੁਗੁ ਪਪ ਮ॑ਮ॑	ਧੁਧੁ ਪਮ॑ ਨਨ ਧੁਧੁ	ਸਂਸਂ ਨਨ ਰੁਂਰੁਂ ਸਂਸਂ
	0	3	x	2
3	ਸਂਗੁਂ ਰੁਂਸਂ ਨਸਂ ਰੁਂਸਂ	ਰੁਂਰੁਂ ਸਂਨ ਧੁਨ ਧੁਪ	ਨਨ ਧੁਪ ਮ॑ਪ ਧੁਪ	ਮ॑ਗੁ ਰੁਗੁ ਰੁਸ ਨ਼ਸ
	0	3	x	2

ਰਾਗ ਤਿਲਕ ਕਾਮੋਦ

1. ਥਾਟ - ਖਮਾਜ।
2. ਸੁਰ - ਸਾਰੇ ਸ਼ੁੱਧ ਸੁਰ।
3. ਵਰਜਿਤ - ਆਰੋਹ ਵਿੱਚ ਗ, ਧ ।
4. ਵਾਦੀ - ਰ।
5. ਸੰਵਾਦੀ - ਪ।
6. ਜਾਤੀ - ਔੜਵ-ਸੰਪੂਰਣ।
7. ਸਮਾਂ - ਰਾਤ ਦਾ ਪਹਿਲਾ ਪਹਿਰ।
8. ਆਰੋਹ - ਸ ਰ ਗ ਸ ਰ ਮ ਪ ਧ ਮ ਪ ਸੰ।
   ਅਵਰੋਹ - ਸੰ ਪ ਧ ਮ ਗ ਸ ਰ ਗ ਸ ਨ਼ ਸ।
9. ਮੁੱਖ ਅੰਗ - ਪ ਨ਼ ਸਰ ਗ ਸ ਰ ਪ ਮ ਗ ਸ ਨ਼ ਸ।

ਸਲੋਕ

ਕਬੀਰ ਚੰਦਨ ਕਾ ਬਿਰਵਾ ਭਲਾ ਬੇੜ੍ਹਿਓ ਢਾਕ ਪਲਾਸ॥
ਓਇ ਭੀ ਚੰਦਨੁ ਹੋਇ ਰਹੇ ਬਸੇ ਜੁ ਚੰਦਨ ਪਾਸਿ॥੧੧॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1365)

ਰਾਗ ਤਿਲਕ ਕਾਮੋਦ ਤੀਨ ਤਾਲ

ਸਥਾਈ

ਗ	ਗ	ਸ	ਸ	ਰਗ	ਸਰ	ਮ	ਪ	ਸਂ	-	ਪ	ਧਪ	ਮ	ਗ	ਰਗ	ਸ
ਚੰ	S	ਦ	ਨ	ਕਾS	SS	ਬਿ	ਰ	ਵਾ	S	S	ਭS	ਲਾ	S	SS	S
0				3				X				2			

ਪ	ਨ਼	ਸ	ਰ	ਗਰ	ਗ	ਨ਼	ਸ	ਰ	ਮ	ਪ	ਧ	ਮਪ	ਧਪ	ਮਗ	ਰਸ
ਬੇ	S	ੜ੍ਹਿ	ਓ	ਢਾS	S	ਕ	ਪ	ਲਾ	S	S	S	ਸS	SS	SS	SS
0				3				X				2			

ਅੰਤਰਾ

ਮ	-	ਮ	ਮ	ਪ	ਪ	ਨ	ਨ	ਸਂ	-	ਸਂ	ਸਂ	ਗਂਰਂ	ਗਂ	ਗਂ	ਸਂ
ਓ	S	ਇ	ਭੀ	ਚੰ	S	ਦ	ਨੁ	ਹੋ	S	ਇ	ਰ	ਹੇS	S	S	S
0				3				X				2			

ਪ	ਨ	ਸਂ	ਰਂ	ਸਂਨ	ਸਂ	ਸਂ	ਪ	ਸਂ	ਪ	ਧ	ਮ	ਗਰ	ਗ	ਨ਼	ਸ
ਬ	S	ਸੇ	ਜੁ	ਚੰS	S	ਦ	ਨ	ਪਾ	S	S	S	ਸਿS	S	S	S
0				3				X				2			

ਆਲਾਪ

ਸਥਾਈ

1	ਸ - - ਰ	ਗ - ਸ -	ਰਗ ਸਰ ਮ -	ਗ - ਸ -
	ਰ ਮ ਪ ਧ	ਮਪ ਧਪ ਮਗ ਰਸ		
	x	2	0	3
2	ਸ ਰ ਗ ਸ	ਰ ਮ ਪ -	ਧ ਮਪ ਧ ਮ	ਗ - ਸ -
	ਰ ਮ ਪ ਸਂ	ਨ ਸਂ ਪ ਧ	ਮਪ ਧਪ ਮਪ ਧਪ	ਮ ਗ ਰਗ ਸ
	0	2	0	3
3	ਸ ਰ ਮ ਪ	ਸਂ ਨ ਸਂ -	ਨਸਂ - - ਪ	ਧਪ ਮਪ ਸਂ -
	ਰਂਨ ਸਂ ਪ -	ਧਪ ਮਪ ਧ ਮ	ਗ ਸ ਨ਼ ਸ	ਰਗ ਸਰ ਮ ਪ
	x	2	0	3

ਦੁਗਣ ਵਿੱਚ ਤਿੰਨ ਵਾਰੀ (ਚੰਦਨ ਕਾ ਬਿਰਵਾ)

ਅੰਤਰਾ

1	ਪਧ ਮਧ ਸਂ -	ਰਂ ਗਂ ਸਂ -	ਰਂਨ ਸਂ ਪ -	ਧਪ ਧ ਮ ਗ
	ਸ ਰ ਪ ਮ	ਗ - ਸ ਰ		
	0	2	0	3
2	ਸਂਨ ਸਂਰਂ ਗਂ ਸਂਗਂ	ਗਂ - ਸਂ -	ਸਂ ਰਂ ਮਂ -	ਗਂ - ਸਂ -
	ਰਂਨ ਸਂ ਪ -	ਧਪ ਮਪ ਮ ਗ	ਸ ਰ ਪ ਮ	ਗ - ਸ -
	0	2	0	3
3	ਪਧ ਮਪ ਸਂ -	ਰਂਗਂ ਸਂਰਂ ਮਂ ਗਂ	ਰਂਸਂ ਨਸਂ ਪ -	ਧਪ ਮਪ ਧ ਮ
	ਗ ਸ ਰ ਮ	ਪ ਨ ਸਂ -		
	x	2	0	3

ਸਥਾਈ ਦੀਆਂ ਤਾਨਾਂ

1	ਸਰ ਮਪ ਧ ਮਪ	ਧਮ ਗਸ ਰਗ ਸ	
	0	2	
2	ਸਰ ਮਪ ਨਸੰ ਪਧ	ਮਪ ਧਪ ਮਗ ਰਸ	
	0	2	
3	ਸਰ ਮਪ ਨਸੰ ਰੰਗੰ	ਸੰਰੰ ਨਸ ਪਧ ਮਪ	ਧਪ ਮਗ ਰਸ ਨ਼ਸ
	0	2	0

ਦੁਗਣ ਵਿੱਚ ਤਿੰਨ ਵਾਰੀ (ਚੰਦਨ ਕਾ ਬਿਰਵਾ)

ਅੰਤਰੇ ਦੀਆਂ ਤਾਨਾਂ

1	ਪਧ ਮਪ ਸੰਰੰ ਨਸੰ	ਰੰਗੰ ਸੰਰੰ ਮੰਗੰ ਰੰਸੰ	ਨਸੰ ਪਧ ਮ ਧਪ	ਮਗ ਰਸ ਰਮ ਪਨ
	0	3	x	2
2	ਸੰਰੰ ਗੰਸੰ ਰੰਗੰ ਸੰਰੰ	ਨਸ ਪਧ ਮਪ ਧਪ	ਮਪ ਧਮ ਪਧ ਮਪ	ਮਗ ਰਸ ਰਮ ਪਨ
	0	3	x	2
3	ਸੰਰੰ ਗੰਸੰ ਨਸ ਪਧ	ਮਪ ਧਪ ਮਗ ਰਸ	ਨ਼ਸ ਰਮ ਪਨ ਸੰ	
	0	3	x	2

ਦੁਗਣ ਵਿੱਚ ਤਿੰਨ ਵਾਰੀ (ਓਇ ਭੀ ਚੰਦਨੁ)

ਰਾਗ ਦੇਸ

1. ਥਾਟ - ਖਮਾਜ।
2. ਸੁਰ - ਦੋਵੇਂ ਨ, ਨੁ।
3. ਵਾਦੀ - ਰ।
4. ਸੰਵਾਦੀ - ਪ।
5. ਵਰਜਿਤ - ਆਰੋਹ ਵਿੱਚ ਗ, ਧ।
6. ਜਾਤੀ - ਔੜਵ-ਸੰਪੂਰਣ।
7. ਸਮਾਂ - ਰਾਤ ਦਾ ਦੂਸਰਾ ਪਹਿਰ।
8. ਆਰੋਹ - ਨ਼ ਸ ਰ ਮ ਪ ਨ ਸਂ।
   ਅਵਰੋਹ - ਸਂ ਨੁ ਧ ਪ ਮ ਗ ਰ ਗ ਰ ਸ।
9. ਮੁੱਖ ਅੰਗ - ਰ ਮ ਪ ਨੁ ਧ ਪ ਧ ਮ ਗ ਰ ਗ ਨ਼ ਸ।

ਤਿਲੰਗ ਮਹਲਾ ੯॥

ਹਰਿ ਜਸੁ ਰੇ ਮਨਾ ਗਾਇ ਲੈ ਜੋ ਸੰਗੀ ਹੈ ਤੇਰੋ॥
ਅਉਸਰੁ ਬੀਤਿਓ ਜਾਤੁ ਹੈ ਕਹਿਓ ਮਾਨ ਲੈ ਮੇਰੋ॥੧॥ਰਹਾਉ॥
ਸੰਪਤਿ ਰਥ ਧਨ ਰਾਜ ਸਿਉ ਅਤਿ ਨੇਹੁ ਲਗਾਇਓ॥
ਕਾਲ ਫਾਸ ਜਬ ਗਲਿ ਪਰੀ ਸਭ ਭਇਓ ਪਰਾਇਓ॥੧॥
ਜਾਨਿ ਬੂਝ ਕੈ ਬਾਵਰੇ ਤੈ ਕਾਜੁ ਬਿਗਾਰਿਓ॥
ਪਾਪ ਕਰਤ ਸੁਕਚਿਓ ਨਹੀ ਨਹ ਗਰਬੁ ਨਿਵਾਰਿਓ॥੨॥
ਜਿਹ ਬਿਧਿ ਗੁਰ ਉਪਦੇਸਿਆ ਸੋ ਸੁਨੁ ਰੇ ਭਾਈ॥
ਨਾਨਕ ਕਹਤ ਪੁਕਾਰਿ ਕੈ ਗਹੁ ਪ੍ਰਭ ਸਰਨਾਈ॥੩॥੩॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 727)

ਰਾਗ ਦੇਸ ਤੀਨ ਤਾਲ

ਸਥਾਈ

ਪਧ	ਪਧ	ਮ	ਮ	ਮਗ	ਰਗ	ਸ	ਸ	ਰ	ਰ	ਮ	ਪ	ਨ	ਨ	ਸੰ	-
ਹS	ਰਿS	ਜ	ਸੁ	ਰੇS	SS	ਮ	ਨਾ	ਗਾ	S	ਇ	S	ਲੈ	S	S	S
2				0				3				x			
-	-	-	-	ਨ	ਨ	ਨ	ਨ	ਸੰ	ਸੰ	ਸੰ	ਸੰ	ਸੰਰੰ	ਰੰਨੁ	ਨੁਧ	ਧਪ
S	S	S	S	ਜੋ	S	ਸੰ	S	ਗੀ	S	ਹੈ	S	ਤੇS	SS	ਰੇS	SS
2				0				3				x			

ਅੰਤਰਾ

ਮ	ਮ	ਮ	ਮ	ਪ	ਪ	ਨ	ਨ	ਸੰ	ਸੰ	ਸੰ	ਸੰ	ਨ	ਨ	ਸੰ	ਸੰ
ਅ	ਉ	ਸ	ਰੁ	ਬੀ	S	ਤਿ	ਓ	ਜਾ	S	S	ਤੁ	ਹੈ	S	S	S
2				0				3				x			
ਰੰ	ਗੰ	ਰੰ	ਸੰ	ਰ	ਨ	ਸੰ	ਸੰ	ਪਸੰ	ਸੰ	-	ਰੰਸੰ	ਨੁ	ਧ	ਪ	-
ਕ	ਹਿ	ਓ	S	ਮਾ	ਨ	ਲੈ	S	ਮੇS	S	S	SS	ਰੋ	S	S	S
2				0				3				x			

ਆਲਾਪ

ਸਥਾਈ

1	ਨ਼ ਸ ਰ ਮ	ਗ ਰ - -	ਰ ਮ ਪ ਧ	ਮ ਗ ਰ -
	ਨ਼ - ਸ	ਰੇ ਮਨਾ ਗਾਇ ਲੈ		
	2	0	3	x
2	ਮ ਗ ਰ ਸ	ਗ ਰ - -	ਰ - ਪ ਨੁ	ਧ ਪ - -
	ਪ ਧ - -	ਮ ਗ ਰ -	ਰ ਗ - -	ਨ਼ - ਸ -
	2	x	3	0 ਗਾਇ ਲੈ
3	ਰ ਮ ਪ ਨੁ	ਧ ਪ - -	ਧ ਮ ਪ ਨ	ਸੰ - - -
	ਨਸੰ ਰੰ ਨੁ ਧ	ਪ ਧ ਮ ਗ	ਰ ਗ ਨ਼ ਸ	ਗਾਇ ਲੈ
	x	2	0	3

ਅੰਤਰਾ

1	ਸੰ - - -	ਪ ਨ ਸੰ -	‿ਪਨ ‿ਸੰਰੰ - ਸੰ	ਨੁ ਧ ਪ -
	ਪ ਧ - ਮ	ਗ ਰ - -	ਗ ਸ ਰ ਮ	ਪ ਨੁ ਧ -
	2	0	3	x
2	‿ਪਨ ‿ਸੰਰੰ - ਮੰ	ਗੰ ਰੰ - -	ਰੰ ਗੰ - -	ਨ - ਸੰ -
	ਰੰ ਨੁ ਧ ਪ	ਧ ਮ ਗ ਰ	ਰ ਮ ਪ ਨ	ਸੰ - - -
	2	0	3	x

ਸਥਾਈ ਦੀਆਂ ਤਾਨਾਂ

1	ਨ਼ਸ ਰਮ ਗਰ ਰਮ	ਪਨੁ ਧਪ ਪਨ ਸਂਰਂ	ਸਂਨ ਧਪ ਮਗ ਰਸ	ਹਰਿ ਜਸੁ ਰੇ ਮਨਾ
	0	3	x	2
2	ਮਗ ਰਮ ਗਰ ਨ਼ਸ	ਰਮ ਪਨੁ ਧਪ ਮਪ	ਨਸਂ ਰਸਂ ਨੁਧ ਪਧ	ਮਗ ਰਸ ਰਸ ਨ਼ਸ
	2	0	3	x
3	ਮਗ ਰਸ ਨ਼ਸ ਰਮ	ਪਨੁ ਧਪ ਨਸਂ ਰਂਮਂ	ਗਂਰਂ ਨਂਸ ਨੁਧ ਪਮ	ਮਗ ਰਸ ਰਸ ਨ਼ਸ
	2	0	3	x

ਅੰਤਰੇ ਦੀਆਂ ਤਾਨਾਂ

1	ਪਨ ਸਂਰਂ ਸਨੁ ਧਪ	ਮਪ ਨੁਧ ਪਮ ਗਰ	ਮਗ ਰਸ ਨ਼ਸ ਰਮ	ਪਨ ਸਂ - ਸਂ
	2	0	3	x
2	ਸਂਰਂ ਸਂਨ ਧਪ ਸਂਨ	ਧਪ ਮਪ ਨੁਧ ਪਮ	ਗਰ ਮਗ ਰਸ ਨ਼ਸ	ਰਮ ਪਨ ਸਂ -
	2	0	3	x
3	ਰਂਮਂ ਗਂਰਂ ਸਂਨੁ ਧਪ	ਨਸਂ ਰਂਸਂ ਨੁਧ ਪਧ	ਗਰ ਮਗ ਰਸ ਨ਼ਸ	ਰਮ ਪਨ ਸਂ -
	2	0	3	x

ਰਾਗ ਖਮਾਜ

1. ਥਾਟ - ਖਮਾਜ।
2. ਸੁਰ - ਦੋਵੇਂ ਨ, ਨੁ।
3. ਵਰਜਿਤ - ਆਰੋਹ ਵਿੱਚ ਰ।
4. ਵਾਦੀ - ਗ।
5. ਸੰਵਾਦੀ - ਨ।
6. ਜਾਤੀ - ਛਾੜਵ-ਸੰਪੂਰਣ।
7. ਸਮਾਂ - ਰਾਤ ਦਾ ਦੂਸਰਾ ਪਹਿਰ।
8. ਆਰੋਹ - ਸ ਗ ਮ ਪ ਧ ਨ ਸੰ।
   ਅਵਰੋਹ - ਸ ਨੁ ਧ ਪ ਮ ਗ ਰ ਸ।
9. ਮੁੱਖ ਅੰਗ - ਨੁ ਧ ਮ ਪ ਧ ਮ ਗ।

ਦੇਵਗੰਧਾਰੀ ਮਹਲਾ ੪ ॥

ਮੇਰੋ ਸੁੰਦਰੁ ਕਹਹੁ ਮਿਲੈ ਕਿਤੁ ਗਲੀ॥
ਹਰਿ ਕੇ ਸੰਤ ਬਤਾਵਹੁ ਮਾਰਗੁ ਹਮ ਪੀਛੈ ਲਾਗਿ ਚਲੀ॥੧॥ਰਹਾਉ॥
ਪ੍ਰਿਅ ਕੇ ਬਚਨ ਸੁਖਾਨੇ ਹੀਅਰੈ ਇਹ ਚਾਲ ਬਨੀ ਹੈ ਭਲੀ॥
ਲਟੁਰੀ ਮਧੁਰੀ ਠਾਕੁਰ ਭਾਈ ਓਹ ਸੁੰਦਰਿ ਹਰਿ ਢੁਲਿ ਮਿਲੀ॥੧॥
ਏਕੋ ਪ੍ਰਿਉ ਸਖੀਆ ਸਭ ਪ੍ਰਿਅ ਕੀ ਜੋ ਭਾਵੈ ਪਿਰ ਸਾ ਭਲੀ॥
ਨਾਨਕੁ ਗਰੀਬੁ ਕਿਆ ਕਰੈ ਬਿਚਾਰਾ ਹਰਿ ਭਾਵੈ ਤਿਤੁ ਰਾਹਿ ਚਲੀ॥੨॥੨॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 527)

ਰਾਗ ਖਮਾਜ ਤੀਨ ਤਾਲ

ਸਥਾਈ

ਗ਼	ਮ	ਪ	ਸਂ	ਨੁ	ਧ	ਧ	ਮ	ਪ	ਨੁ	ਧ	ਪ	ਮਪ	ਧਪ	ਮਗ	ਰਸ
ਮੇ	S	ਰੇ	S	ਸੁੰ	S	ਦ	ਰੁ	ਕਹ	ਹੁ	ਮਿ	ਲੈ	ਕਿS	ਤੁS	ਗS	ਲੀS
3				X				2				0			
ਗ	ਪ	ਮ	ਗ	ਮ	ਨੁ	ਧ	ਸਂ	ਸਂਨਂ	ਰਂਸਂ	ਨੁ	ਧ	ਮਪ	ਧਪ	ਮਗ	ਰਸ
ਹ	ਰਿ	ਕੇ	S	ਸੰ	S	ਤ	ਬ	ਤਾS	SS	ਵ	ਹੁ	ਮਾS	SS	ਰS	ਗੁS
3				X				2				0			

(ਹਮ ਪੀਛੈ ਲਾਗਿ ਚਲੀ) ਪਹਿਲੀ ਲਾਈਨ ਅਨੁਸਾਰ

ਅੰਤਰਾ

ਮ	ਮ	ਮ	ਨੁ	ਧ	ਨੁ	ਪ	ਧ	ਨ	ਨ	ਸਂ	ਨ	ਸਂ	ਨ	ਸਂ	-
ਪ੍ਰਿ	ਅ	S	ਕੇ	ਬ	ਚ	ਨ	ਸੁ	ਖਾ	S	ਨੇ	S	ਹੀ	ਅ	ਰੈ	S
0				3				X				2			
ਨ	ਨ	ਨ	ਨ	ਨ	ਸਂ	ਨ	ਸਂ	ਨਂ	ਸਂ	ਰਂ	ਸਂ	ਨੁ	-	ਧ	-
ਇ	S	ਹ	S	ਚਾ	S	ਲ	S	ਬ	ਨੀ	ਹੈ	ਭ	ਲੀ	S	S	S
0				3				X				2			
ਗਂ	ਮਂ	ਗਂ	ਰਂ	ਸਂਨ	ਰਂ	ਸਂਨ	ਸਂ	ਸਂਨ	ਰਂਸਂ	ਨੁ	ਧ	ਮ	ਪ	ਨੁ	ਧ
ਲ	ਟੁ	ਰੀ	S	ਮS	ਧੁ	ਰੀS	S	ਠਾS	SS	ਕੁ	ਰ	ਭਾ	S	S	S
0				3				X				2			
ਮਪ	ਧਪ	ਮਗ	ਰਸ												
ਈS	SS	SS	SS												
0															

(ਓਹ ਸੁੰਦਰਿ ਹਰਿ ਢੂਲਿ ਮਿਲੀ) ਸਥਾਈ ਦੀ ਪਹਿਲੀ ਲਾਈਨ ਅਨੁਸਾਰ

ਆਲਾਪ

ਸਥਾਈ

1	ਸ ਗ - ਮ	ਗ - ਸ -	ਨ਼ ਸ ਗ ਮ	ਪ - - -
	ਗਮ ਪਧ ਸੰ ਪ	ਨੁਧ ਪਮ ਗਰ ਸ		
	2	0	3	4
2	ਸ ਗ - ਮ	ਗ - ਸ -	ਗ ਮ ਪ ਧ	ਗ ਪ ਮ ਗ
	ਗਮ ਪਧ ਨੁ ਪ	ਧ ਮ ਗ ਸ		
	2	0	3	x
3	ਸ ਗਮ ਪ ਧ	ਮ ਗ - -	ਗਮ ਪਧ ਨੁ ਪ	ਧ ਮ ਗ -
	ਗਮ ਪਧ ਸੰ ਨੁਧ	ਪਮ ਗਪ ਮਗ ਰਸ		
	2	0	3	x

ਅੰਤਰਾ

1	ਨ ਸੰ - ਰੰਸੰ	ਨੁ - ਧ ਪ	ਧ ਮ ਪ ਧ	ਮ ਗ - -
	ਸ ਗਮ ਪਧ ਨਸੰ	ਨੁਧ ਪਨੁ ਧਪ ਮਗ		
	x	2	0	3
2	ਸੰ ਰੰ - ਸੰ	ਨੁ - ਧ ਪ	ਧ ਮ ਪ ਧ	ਮ ਗ - -
	ਗਮ ਪਧ ਨਸੰ ਗੰਮੰ	ਗੰਰੰ ਸੰਨ ਧਪ ਮਗ		
	x	2	0	3
3	ਨ - - -	ਸੰ ਨ ਸੰ -	ਗੰ - - ਮੰ	ਗੰ - ਸੰ -
	ਸੰਨ ਰੰਸੰ ਨੁ ਧ	ਪ ਧ ਮ ਗ	ਗਮ ਪਧ ਨੁ ਧ	ਪ ਧ ਮ ਗ
	ਗਮ ਪਧ ਸੰ ਪ	ਨੁ ਧਪ ਮ ਗ		
	x	2	0	3

ਸਥਾਈ ਦੀਆਂ ਤਾਨਾਂ

1	ਸਗ ਮਪ ਗਮ ਪਧ	ਨੁਧ ਪਮ ਗਮ ਪਧ	ਨਸਂ ਰਂਸਂ ਨੁਧ ਪਮ	ਗਰ ਸਨ਼ ਸਗ ਮਪ
	3	x	2	0

2	ਗਮ ਪਗ ਮਪ ਗਮ	ਪਧ ਨੁਧ ਪਮ ਗਮ	ਪਧ ਨੁਪ ਧਨ ਪਧ	ਨਸ ਰਂਸਂ ਨੁਧ ਪਧ
	ਨਂਸਂ ਰਂਨ ਸਂਰਂ ਨਂਸਂ	ਗਂਮਂ ਗਂਰਂ ਸਂਨ ਧਪ	ਮਗ ਰਸ	
	3	x	2	0

ਦੁਗਣ ਵਿੱਚ ਤਿੰਨ ਵਾਰੀ (ਮੇਰੋ ਸੁੰਦਰੁ)

3	ਗਮ ਪਮ ਗਰ ਸ-	ਗਮ ਪਧ ਨੁਧ ਪਮ	ਗਮ ਪਧ ਨਸਂ ਰਂਸਂ	ਸਂਨ ਧਪ ਮਗ ਰਸ
